ISSN: 2584-0509

# ਵਣਜਾਰਾ ਬੇਦੀ ਰਚਿਤ ਵਿਸ਼ਵਕੋਸ਼ ਦੀ ਨਿਰਮਾਣਕਾਰੀ



ਡਾ. ਮੋਹਨ ਸਿੰਘ ਤਿਆਗੀ
ਸਹਾਇਕ ਪ੍ਰੋਫ਼ੈਸਰ
ਪੰਜਾਬੀ ਸਾਹਿਤ
ਅਧਿਐਨ ਵਿਭਾਗ,
ਪੰਜਾਬੀ ਯੂਨੀਵਰਸਿਟੀ,
ਪਟਿਆਲਾ।
+91 98144-79150

ਵਣਜਾਰਾ ਬੇਦੀ ਨੇ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਬੜੀ ਮਿਹਨਤ ਤੇ ਸਿਰੜ ਨਾਲ ਕੰਮ ਕੀਤਾ ਹੈ। ਉਸਨੇ ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਤਿਆਰ ਕਰਕੇ ਲੋਕਧਾਰਾ ਦੇ ਖੇਤਰ ਵਿੱਚ ਇੱਕ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਉਸਨੇ ਆਪਣੀ ਲੋਕਧਾਰਾ ਪ੍ਰਤੀ ਅਨੋਖੀ ਨਿਸ਼ਠਾ ਅਤੇ ਪਹੁੰਚ ਕਾਰਨ ਇਸ ਵਡੇਰੇ ਕਾਰਜ ਨੂੰ ਸਾਕਾਰ ਕਰਕੇ ਵਿਖਾਇਆ ਹੈ। ਉਸਨੇ ਆਪਣੇ ਜੀਵਨ ਦੇ ਪੈਂਤੀ ਸਾਲ ਲਾ ਕੇ ਇਸ ਵਿਸ਼ਾਲ ਪ੍ਰਾਜੈਕਟ ਨੂੰ ਮੁਕੰਮਲ ਕੀਤਾ ਹੈ। ਉਸਨੇ ਇਸ ਵਿਲੱਖਣ ਕਾਰਜ ਲਈ ਸਿਧਾਂਤਕ ਅਤੇ ਪ੍ਰਮਾਣਿਕ ਵਿਧੀ ਅਪਣਾ ਕੇ ਇਸਨੂੰ ਪੰਜਾਬੀ ਕੋਸ਼ਕਾਰੀ ਦੇ ਖੇਤਰ ਵਿੱਚ ਇੱਕ ਮੀਲ ਪੱਥਰ ਵਾਂਗ ਸਥਾਪਿਤ ਕਰਕੇ ਵਿਖਾਇਆ ਹੈ। ਇਸ ਤੋਂ ਪਹਿਲਾਂ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਕੋਈ ਵੀ ਅਜਿਹਾ ਜ਼ਿਕਰਯੋਗ ਖੋਜ ਕਾਰਜ ਨਹੀਂ ਮਿਲਦਾ ਜਿਸਦੀ ਤੁਲਨਾ ਵਣਜਾਰਾ ਬੇਦੀ ਦੇ ਵਿਸ਼ਵਕੋਸ਼ ਨਾਲ ਕੀਤੀ ਜਾ ਸਕੇ। ਵਣਜਾਰਾ ਬੇਦੀ ਨੇ ਆਪਣੇ ਵਿਸ਼ਵਕੋਸ਼ ਦੀ ਪਹਿਲੀ ਜਿਲਦ ਦੀ ਭੂਮਿਕਾ ‘ਲੋਕਾਂ ਤੋਂ ਲੋਕਾਂ ਤਕ’ ਵਿੱਚ ਇਸ ਕੋਸ਼ ਦੀ ਨਿਰਮਾਣਕਾਰੀ ਬਾਰੇ ਜਾਣਕਾਰੀ ਦਿੰਦੇ ਹੋਏ ਲਿਖਿਆ ਹੈ ਕਿ ਉਸਨੇ ਲੋਕਧਾਰਾ ਦੀ ਸਮੱਗਰੀ ਇਕੱਤਰ ਕਰਨ ਦਾ ਕੰਮ ਸੰਨ 1939 ਵਿੱਚ ਆਰੰਭ ਕੀਤਾ, ਜਦੋਂ ਉਹ ਅਜੇ ਖਾਲਸਾ ਹਾਈ ਸਕੂਲ ਰਾਵਲਪਿੰਡੀ ਵਿੱਚ ਨੌਵੀਂ ਜਮਾਤ ਵਿੱਚ ਪੜ੍ਹਦਾ ਸੀ। ਉਸਨੇ ਆਪਣੇ ਖਾਲਸਾ ਹਾਈ ਸਕੂਲ, ਜਲੰਧਰ ਛਾਉਣੀ ਦੇ ਅੰਗਰੇਜ਼ੀ ਦੇ ਅਧਿਆਪਕ ਸ੍ਰੀ ਸੁੰਦਰ ਸਿੰਘ ਦੀ ਨਸੀਹਤ ਤੇ ਆਪਣੇ ਕੋਲ ਇੱਕ ਡਾਇਰੀ ਰੱਖੀ ਹੋਈ ਸੀ ਜਿਸ ਵਿੱਚ ਉਹ ਅੰਗਰੇਜ਼ੀ ਦਾ ਕੋਈ ਚੰਗਾ ਸ਼ਬਦ, ਅਖਾਣ ਜਾਂ ਟੱਪਾ ਮਿਲਦਾ ਤਾਂ ਦਰਜ਼ ਕਰ ਲੈਂਦਾ ਸੀ। ਫਿਰ ਹੋਲ਼ੀ ਹੋਲ਼ੀ ਉਸਨੇ ਅੰਗਰੇਜ਼ੀ ਦੀ ਥਾਂ ਤੇ ਪੰਜਾਬੀ ਦੇ ਅਖਾਣ ਅਤੇ ਟੱਪੇ ਇਕੱਠੇ ਕਰਨੇ ਆਰੰਭ ਕਰ ਦਿੱਤੇ। ਪਰ ਉਸਨੂੰ ਜਲਦੀ ਹੀ ਇਸ ਗੱਲ ਦਾ ਅਹਿਸਾਸ ਹੋਇਆ ਕਿ ਉਸਨੂੰ ਕੇਵਲ ਉਹ ਸਮੱਗਰੀ ਇਕੱਤਰ ਕਰਨੀ ਚਾਹੀਦੀ ਹੈ ਜੋ ਲੋਕਾਂ ਦੇ ਮਨ ਵਿੱਚ ਅਦ੍ਰਿਸ਼ਟ ਰੂਪ ਵਿੱਚ ਵਿਚਰ ਰਹੀ ਹੋਵੇ। ਉਸਨੇ ਸੋਚਿਆ ਕਿ ਲਿਖਤ ਵਿੱਚ ਆ ਚੁੱਕੀ ਸਮੱਗਰੀ ਦਾ ਅੰਸ਼ਿਕ ਮਾਤਰ ਵੀ ਆਪਣੇ ਕਿਸੇ ਸੰਕਲਨ ਦਾ ਭਾਗ ਬਣਾਉਣਾ ਆਪਣੀ ਲਗਨ ਅਤੇ ਮਿਹਨਤ ਨਾਲ ਅਨਿਆਂ ਕਰਨ ਦੇ ਬਰਾਬਰ ਹੈ। ਇਸ ਤੋਂ ਅੱਗੇ ਲੇਖਕ ਆਪਣਾ ਅਨੁਭਵ ਸਾਂਝਾ ਕਰਦਾ ਹੋਇਆ ਲਿਖਦਾ ਹੈ ਕਿ ਉਹ ਉਸੇ ਦਿਨ ਤੋਂ ਲੋਕਾਂ ਦੇ ਪੈਰਾਂ ਹੇਠੋਂ ਸਮੱਗਰੀ ਚੁਗਣ ਦੇ ਕਾਰਜ ਵਿੱਚ ਜੁਟ ਗਿਆ।


www.khojnama.com khojnamapb03@gmail.com

ਵਣਜਾਰਾ ਬੇਦੀ ਨੇ ਲੋਕਧਾਰਾ ਵਿਸ਼ਵਕੋਸ਼ ਦੀ ਪਹਿਲੀ ਜਿਲਦ ਦੀ ਭੂਮਿਕਾ ਵਿੱਚ ਇਸ ਕੋਸ਼ ਦੀ ਰੂਪ ਰੇਖਾ ਬਾਰੇ ਹੇਠ ਲਿਖੇ ਇਹ ਸ਼ਬਦ ਅੰਕਿਤ ਕੀਤੇ ਹਨ, ਜਿੱਥੋਂ ਇਸ ਕੋਸ਼ ਦੀ ਵਿਸ਼ਾ ਸਮੱਗਰੀ ਅਤੇ ਤਰਤੀਬ ਬਾਰੇ ਸੰਖੇਪ ਜਾਣਕਾਰੀ ਪ੍ਰਾਪਤ ਹੁੰਦੀ ਹੈ-

1- ਪੌਰਾਣਿਕ ਸ਼ਖ਼ਸੀਅਤਾਂ, ਸਥਾਨ ਅਤੇ ਘਟਨਾਵਾਂ, ਦੇਵੀ ਦੇਵਤੇ

2- ਸਥਾਨਿਕ ਦੇਵੀ ਦਿਉਤੇ,ਸਤੀਆਂ, ਜਠੇਰੇ ਆਦਿ

3- ਅਮਾਨਵੀ ਸ਼ਕਤੀਆਂ, ਭੂਤ ਪ੍ਰੇਤ, ਪਰੀ, ਜਿੰਨ, ਅਪੱਛਰਾ ਅਦਿ

4- ਧਾਰਮਿਕ ਅਸਥਾਨ ਅਤੇ ਪੁਰਬ ਉਤਸਵ, ਮੇਲੇ, ਤਿਉਹਾਰ ਆਦਿ

5- ਕਬੀਲੇ, ਜਾਤ ਗੋਤ, ਸੰਪ੍ਰਦਾਵਾਂ ਆਦਿ

6- ਪੰਜਾਬ ਦੀਆਂ ਪ੍ਰਾਚੀਨ ਸੰਸਕ੍ਰਿਤੀਆਂ

7- ਰੀਤਾਂ ਰਸਮਾਂ ਤੇ ਸੰਸਕਾਰ ਆਦਿ

8- ਲੋਕ-ਧਰਮ, ਅਨੁਸ਼ਠਾਨ, ਕਰਮ ਕਾਂਡ, ਪੂਜਾ ਵਿਧੀਆਂ, ਵਰਤ, ਤਿਲਕ, ਟਿਕਾ, ਮਾਲਾ ਆਦਿ

9- ਲੋਕ-ਭਰਮ, ਵਿਸ਼ਵਾਸ਼, ਮਨੌਤਾਂ, ਧਾਰਨਾਵਾਂ, ਸ਼ਗਨ ਅਪਸ਼ਗਨ ਆਦਿ

10- ਜੋਤਿਸ਼, ਤੰਤਰ, ਜੰਤਰ-ਮੰਤਰ,ਸਾਉਣ ਸ਼ਾਸ਼ਤ੍ਰ, ਓਝੇ, ਚੇਲੇ ਆਦਿ

11- ਲੋਕ-ਕਾਵਿ ਦੇ ਸੌ ਤੋਂ ਉੱਪਰ ਰੂਪ, ਘੋੜੀਆਂ, ਸੁਹਾਗ ਆਦਿ

12- ਲੋਕ-ਕਥਾਵਾਂ ਦੇ ਚਾਲ੍ਹੀ ਤੋਂ ਉੱਪਰ ਰੂਪ: ਮੁਢੀ, ਸਿਧੀ, ਪਰੀ ਕਥਾ ਆਦਿ

13- ਲੋਕ-ਨਿਤ੍ਰ ਅਤੇ ਲੋਕ-ਨਾਟ ਦੇ ਅਨੇਕਾਂ ਰੂਪ

14- ਲੋਕ-ਕਲਾ, ਚਿਤ੍ਰਕਾਰੀ, ਕੰਧ ਚਿਤ੍ਰ, ਥਾਪੇ, ਬਿੰਦ ਖਟੋਲੇ ਆਦਿ

15- ਮੁਹਾਵਰੇ, ਅਖਾਣ, ਬੁਝਾਰਤਾਂ ਦੇ ਅਨੇਕਾਂ ਰੂਪ

16- ਲੋਕ-ਮਨੋਰੰਜਨ, ਖੇਡਾਂ ਆਦਿ

17- ਲੋਕ ਧੰਦੇ

18- ਲੋਕ ਸ਼ਬਦਾਵਲੀ

19- ਲੋਕ ਪ੍ਰਤੀਕ, ਸਵਾਸਤਿਕ, ਸਤਿਆ, ਚੌਕ ਆਦਿ

20-ਲੋਕ ਜੀਵਨ, ਆਚਾਰ ਵਿਹਾਰ; ਚਰਿਤ੍ਰ, ਵੇਸ਼ ਭੂਸ਼ਾ, ਵਰਤਣ ਭਾਜੀ ਆਦਿ

21-ਲੋਕਧਾਰਾ ਵਿਗਿਆਨ, ਲੋਕ ਮਨ, ਲੋਕ ਸੰਸਕ੍ਰਿਤੀ, ਲੋਕ ਤੱਤ, ਲੋਕਧਾਰਾ ਅਧਿਐਨ ਪ੍ਰਣਾਲੀਆਂ ਆਦਿ।”[1]

ਵਣਜਾਰਾ ਬੇਦੀ ਨੇ ਇਹ ਵਿਸ਼ਾਲ ਕਾਰਜ ਬਹੁਤ ਹੀ ਸੁਚੱਜੇ ਢੰਗ ਨਾਲ ਨੇਪਰੇ ਚੜ੍ਹਾਉਣ ਦਾ ਯਤਨ ਕੀਤਾ ਹੈ। ਉਸਦੀ ਕੋਸ਼ਗਤ ਭਾਸ਼ਾ ਸਾਦੀ ਅਤੇ ਠੇਠ ਹੈ। ਇਸ ਤੇ ਲੋਕਧਾਰਾ ਦਾ ਪ੍ਰਭਾਵ ਵੀ ਸਪੱਸ਼ਟ ਰੂਪ ਵਿੱਚ ਵੇਖਿਆ ਜਾ ਸਕਦਾ ਹੈ। ਬੇਦੀ ਨੇ ਇਸ ਨੂੰ ਸੰਖੇਪ ਅਤੇ ਰੌਚਿਕ ਬਣਾਉਣ ਲਈ ਬੜੀ ਸੁਹਜ ਭਰਪੂਰ ਅਤੇ ਸੰਜਮੀ ਸ਼ੈਲੀ ਦੀ ਵਰਤੋਂ ਕੀਤੀ ਹੈ। ਇਸ ਕੋਸ਼ ਦੇ ਇੰਦਰਾਜ਼ ਬਹੁਤ ਹੀ ਭਾਵਪੂਰਤ ਢੰਗ ਨਾਲ ਦੇਣ ਦੇ ਯਤਨ ਕੀਤੇ ਗਏ ਹਨ। ਇਸ ਕੋਸ਼ ਦੀ ਮਹੱਤਤਾ ਇਸ ਦੇ ਵਿਧਾਗਤ ਨੇਮਾਂ ਅਤੇ ਤਕਨੀਕ ਵਿੱਚ ਪਈ ਹੋਈ ਹੈ। ਇਸ ਕੋਸ਼ ਦੇ ਹਰ ਇੱਕ ਇੰਦਰਾਜ਼ ਦੇ ਨਾਲ ਇਸ ਦੇ ਪ੍ਰਮਾਣਿਕ ਜਾਂ ਉੱਪਲਭਧ ਸੋਮਿਆਂ ਦਾ ਹਵਾਲਾ ਵੀ ਦਿੱਤਾ ਗਿਆ ਹੈ। ਇਹ ਸਿਰਫ਼ ਤਕਨੀਕੀ ਜਾਣਕਾਰੀ ਹੀ ਨਹੀਂ ਹੈ, ਇਸਦਾ ਮੂਲ ਆਧਾਰ ਖੇਤਰੀ ਖੋਜ ਵਿਧੀ ਅਤੇ ਸਮੱਗਰੀ ਦੇ ਸੰਗਠਨ ਤੇ ਟਿੱਕਿਆ ਹੋਇਆ ਹੈ। ਜੇਕਰ ਬੇਦੀ ਦੀ ਵਿਸ਼ਵਕੋਸ਼ ਦ੍ਰਿਸ਼ਟੀ ਦੀ ਗੱਲ ਕੀਤੀ ਜਾਵੇ ਤਾਂ ਉਨ੍ਹਾਂ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਅੰਤਰ ਅਨੁਸ਼ਾਸ਼ਨੀ ਵਿਧੀ ਅਪਣਾਈ ਹੈ ਪਰ ਉਨ੍ਹਾਂ ਦਾ ਨਜ਼ਰੀਆਂ ਲੋਕਧਾਰਾ ਵਿਗਿਆਨੀ ਵਾਲਾ ਹੀ ਰਹਿੰਦਾ ਹੈ। ਇਹ ਗ੍ਰੰਥ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਇੱਕ ਆਧਾਰ ਗ੍ਰੰਥ ਦੀ ਲੋੜ ਪੂਰੀ ਕਰਦਾ ਹੈ। ਇਸ ਵਿਸ਼ਵਕੋਸ਼ ਬਾਰੇ ਡਾ. ਕੇਸਰ ਸਿੰਘ ਕੇਸਰ ਦੇ ਵਿਚਾਰ ਹਨ, "ਅੱਜ ਦੇ ਸੰਸਾਰ ਵਿੱਚ ਵੱਖ ਵੱਖ ਰਾਸ਼ਟਰ, ਪ੍ਰਦੇਸ਼, ਜਾਤੀਆਂ, ਧਰਮ, ਫ਼ਿਰਕੇ, ਗਰੁੱਪ, ਪਾਰਟੀਆਂ ਪਹਿਲਾਂ ਨਾਲੋਂ ਵਧੇਰੇ ਸ੍ਵੈ-ਚੇਤੰਨ ਹੋ ਰਹੇ ਹਨ ਤੇ ਜਿਉਂ ਜਿਉਂ ਸ੍ਵੈ-ਚੇਤੰਨ ਹੋ ਰਹੇ ਹਨ ਤਿਉਂ ਤਿਉਂ ਆਪੋ ਆਪਣੀ ਪਛਾਣ ਦਾ ਸਵਾਲ ਗੁੰਝਲਦਾਰ ਹੁੰਦਾ ਜਾ ਰਿਹਾ ਹੈ- ਜੋ ਕੁਝ ਮੇਰਾ ਹੈ ਉਸ ਵਿੱਚ ਮੇਰਾ ਕੀ ਹੈ? ਇਹੋ ਜਿਹੇ ਸਵਾਲਾਂ ਦੇ ਜਵਾਬਾਂ ਲਈ ਹਰ ਖੇਤਰ ਵਿੱਚ ਤੁਲਨਾਤਮਕ ਅਧਿਐਨ ਦੀ ਮਹੱਤਤਾ ਵਧਦੀ ਜਾ ਰਹੀ ਹੈ, ਤੁਲਨਾਤਮਕ ਅਧਿਐਨ ਇੱਕ ਅੱਡਰੇ ਅਨੁਸ਼ਾਸਨ ਵੱਜੋਂ ਉੱਭਰ ਰਿਹਾ ਹੈ। ਉਹ ਸਮਾਂ ਦੂਰ ਨਹੀਂ ਜਦਕਿ ਅਸੀਂ ਵੀ 'ਤੁਲਨਾਤਮਕ ਲੋਕਧਾਰਾ' ਦੇ ਅਨੁਸ਼ਾਸਨ ਦੀ ਬਕਾਇਦਾ ਉਸਾਰੀ ਵੱਲ ਰੁਚਿਤ ਹੋਵਾਂਗੇ ਤੇ ਵਣਜਾਰਾ ਬੇਦੀ ਦਾ ਮਹਾਨ ਕੋਸ਼ ਇਸ ਕਾਰਜ ਵਿੱਚ ਵਡਮੁੱਲਾ ਸਿੱਧ ਹੋਵੇਗਾ।"[2] ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਲੋਕਧਾਰਾ ਵਿਸ਼ਵਕੋਸ਼ ਵਣਜਾਰਾ ਬੇਦੀ ਦਾ ਸਭ ਤੋਂ ਮੁੱਲਵਾਨ-ਕਾਰਜ ਹੈ। ਇਹ ਉਨ੍ਹਾਂ ਦੀ ਲੰਮੀ ਘਾਲਣਾ ਦੀ ਉੱਪਜ ਹੈ। ਉਨ੍ਹਾਂ ਨੇ ਇਸ ਖੇਤਰ ਵਿੱਚ ਇੱਕ ਮਿਸ਼ਨਰੀ ਵਾਂਗ ਕਾਰਜ ਕੀਤਾ ਹੈ, ਉਨ੍ਹਾਂ ਨੇ ਆਪਣੇ ਲੋਕਧਾਰਾਈ ਗਿਆਨ ਦਾ ਕੇਵਲ ਇੱਕ ਸਿਧਾਂਤਕ ਚੌਖਟਾ ਤਿਆਰ ਕਰਨ ਦਾ ਯਤਨ ਹੀ ਨਹੀਂ ਕੀਤਾ ਸਗੋਂ ਇਸ ਦੇ ਖੇਤਰੀ ਅਤੇ ਵਿਹਾਰਕ ਸੰਦਰਭਾਂ ਦਾ ਵਿਸ਼ਵਕੋਸ਼ ਤਿਆਰ ਕਰਨ

ਦਾ ਯਤਨ ਵੀ ਕੀਤਾ ਹੈ। ਉਨ੍ਹਾਂ ਦੇ ਇਹੀ ਵਿਹਾਰਕ ਪਹਿਲੂ ਉਨ੍ਹਾਂ ਦੀ ਲੋਕਧਾਰਾ ਵਿੱਚ ਵੱਖਰੀ ਪਛਾਣ ਨਿਸ਼ਚਤ ਕਰਦੇ ਹਨ। ਕੋਸ਼ਕਾਰੀ ਦੇ ਖੇਤਰ ਵਿੱਚ ਖੋਜ ਕਾਰਜ ਕਰਨਾ ਬੜਾ ਵੰਗਾਰ ਭਰਿਆ ਕੰਮ ਹੈ। ਪੰਜਾਬੀ ਸਾਹਿਤ ਦੇ ਖੇਤਰ ਵਿੱਚ ਅਜਿਹੇ ਵਡੇਰੇ ਅਤੇ ਉੱਤਮ ਕਾਰਜ ਵਿਸ਼ੇਸ਼ ਅਹਿਮੀਅਤ ਰੱਖਦੇ ਹਨ।

ਲੋਕਧਾਰਾ ਵਿਸ਼ਵਕੋਸ਼ ਦੀਆਂ ਅੱਠ ਜਿਲਦਾਂ ਤੋਂ ਇਸਦੇ ਵਿਸਤਰਤ ਖੇਤਰ ਅਤੇ ਗਹਿਰਾਈ ਦਾ ਪਤਾ ਲਗਦਾ ਹੈ। ਵਣਜਾਰਾ ਬੇਦੀ ਨੇ ਵਿਸ਼ਵਕੋਸ਼ ਦੀਆਂ ਅੱਠ ਜਿਲਦਾਂ ਵਿੱਚ ਪੰਜਾਬੀ ਲੋਕ ਜੀਵਨ ਨਾਲ ਸਬੰਧਿਤ ਸਮੱਗਰੀ ਦੀ ਇਸ ਢੰਗ ਨਾਲ ਵਿਉਂਤਬੰਦੀ ਕੀਤੀ ਹੈ ਕਿ ਇਸ ਵਿੱਚੋਂ ਪੰਜਾਬੀ ਲੋਕ ਜੀਵਨ ਦਾ ਇੱਕ ਪੂਰਾ ਜੀਵੰਤ ਸੰਸਾਰ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਵਿੱਚ ਇਤਿਹਾਸ, ਮਿਥਿਹਾਸ, ਸੱਭਿਆਚਾਰ ਅਤੇ ਲੋਕਧਾਰਾ ਨਾਲ ਸੰਬੰਧਿਤ ਸੰਕਲਪਾਂ ਨੂੰ ਬਹੁਤ ਹੀ ਸੰਖੇਪ ਅਤੇ ਸਪੱਸ਼ਟ ਢੰਗ ਨਾਲ ਉਲੀਕਣ ਅਤੇ ਪ੍ਰੀਭਾਸ਼ਤ ਕਰਨ ਦਾ ਯਤਨ ਕੀਤਾ ਗਿਆ ਹੈ। ਜੇਕਰ ਵੇਖਿਆ ਜਾਵੇ ਤਾਂ ਕੋਸ਼ ਬਣਾਉਣ ਅਤੇ ਪ੍ਰਕਾਸ਼ਿਤ ਕਰਨ ਦਾ ਕਾਰਜ ਉਨ੍ਹੀਵੀਂ ਸਦੀ ਵਿੱਚ ਆਰੰਭ ਹੋਇਆ। ਸ਼ੁਰੂ ਸ਼ੁਰੂ ਵਿੱਚ ਭਾਰਤ ਵਿੱਚ ਦੁਭਾਸ਼ੀ ਕੋਸ਼ਾਂ ਦਾ ਸੰਕਲਨ ਆਰੰਭ ਹੋਇਆ। ਭਾਵੇਂ ਕਿ ਭਾਰਤ ਵਿੱਚ ਕੋਸ਼ਕਾਰੀ ਦੀ ਪਰੰਪਰਾ ਬਹੁਤ ਪੁਰਾਣੀ ਹੈ। ਪਰ ਅੰਗਰੇਜ਼ੀ ਕਾਲ ਦੌਰਾਨ ਇਨ੍ਹਾਂ ਕਾਰਜਾਂ ਵਿੱਚ ਹੋਰ ਵੀ ਤੇਜ਼ੀ ਆਈ। ਇਸਦੇ ਨਾਲ ਹੀ ਇਸ ਕਾਲ ਵਿੱਚ ਕੋਸ਼ਕਾਰੀ ਨੂੰ ਵਿਗਿਆਨਕ ਅਤੇ ਸਿਧਾਂਤਕ ਆਧਾਰ ਵੀ ਮਿਲਦਾ ਹੈ। ਭਾਵੇਂ ਕਿ ਭਾਰਤ ਵਿੱਚ ਬਰਤਾਨਵੀ ਰਾਜ ਦੌਰਾਨ ਬਹੁਤਾ ਖੋਜ-ਅਧਿਐਨ ਬਸਤੀਵਾਦੀ ਦ੍ਰਿਸ਼ਟੀਕੋਣ ਤੋਂ ਹੋਇਆ ਪਰ ਫਿਰ ਵੀ ਇਸਦੀ ਇਤਿਹਾਸਕ ਅਤੇ ਸਾਹਿਤਕ ਮਹੱਤਤਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਇਸ ਕਾਲ ਦੀ ਕੋਸ਼ਕਾਰੀ ਪੰਜਾਬੀ ਕੋਸ਼ਕਾਰੀ ਲਈ ਇੱਕ ਆਧਾਰਸ਼ਿਲਾ ਵੀ ਪ੍ਰਦਾਨ ਕਰਦੀ ਹੈ। ਇਸ ਉਪਰੰਤ ਪੰਜਾਬੀ ਕੋਸ਼ਕਾਰੀ ਨੇ ਬੜਾ ਜ਼ਿਕਰਯੋਗ ਸਫ਼ਰ ਤੈਅ ਕੀਤਾ ਹੈ। ਹੁਣ ਪੰਜਾਬੀ ਕੋਸ਼ਕਾਰੀ ਨਿਯਮਬੱਧ ਅਤੇ ਵਿਗਿਆਨਕ ਢੰਗ ਨਾਲ ਆਪਣਾ ਕਾਰਜ ਕਰ ਰਹੀ ਹੈ। ਅਜੋਕੇ ਦੌਰ ਵਿੱਚ ਕੋਸ਼ਕਾਰੀ ਵਿਸ਼ਵੀ ਪ੍ਰਸੰਗਾਂ ਵਿੱਚ ਹੋਰ ਵੀ ਮਹੱਤਵ ਗ੍ਰਹਿਣ ਕਰ ਗਈ ਹੈ। ਵਰਤਮਾਨ ਦੌਰ ਵਿੱਚ ਇਸਦਾ ਦਾਇਰਾ ਹੋਰ ਵੀ ਵਸੀਹ ਅਤੇ ਵਿਸ਼ਾਲ ਹੋ ਗਿਆ ਹੈ, "ਕੋਸ਼ ਦਾ ਉਦੇਸ਼ ਪਾਠਕ ਵਰਗ ਦੀਆਂ ਲੋੜਾਂ ਦੀ ਪੂਰਤੀ ਕਰਨੀ ਹੈ। ਕੋਸ਼ ਪਾਠਕ ਲਈ ਕਈ ਪੱਖਾਂ ਤੋਂ ਉਪਯੋਗੀ ਹੁੰਦਾ ਹੈ। ਉਪਯੋਗਤਾ ਦਾ ਪ੍ਰਸ਼ਨ ਕੋਸ਼ ਦੇ ਅਕਾਰ ਨਾਲ ਜੁੜਿਆ ਹੋਇਆ ਹੈ। ਮੋਟੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਨਿਰੁੱਕਤੀ, ਮਿਆਰੀ ਸ਼ਬਦ ਜੋੜ, ਵਿਆਕਰਣਕ

ਕੋਟੀਆਂ, ਮਿਆਰੀ ਉਚਾਰਣ, ਮਿਆਰੀ ਪ੍ਰਯੋਗ, ਸਮਤੁੱਲ ਸ਼ਬਦ, ਪਰਿਆਇ, ਬਹੁ-ਅਰਥਕਤਾ ਅਤੇ ਇਕ ਭਾਸ਼ਾ ਦੇ ਸ਼ਬਦ ਦਾ ਦੂਜੀਆਂ ਭਾਸ਼ਾਵਾਂ ਵਿੱਚ ਸਮਤੁਲ ਸ਼ਬਦ ਆਦਿ ਦੀ ਦ੍ਰਿਸ਼ਟੀ ਤੋਂ ਕੋਸ਼ ਦਾ ਉਪਯੋਗ ਹੁੰਦਾ ਹੈ। ਵਿਭਿੰਨ ਪ੍ਰਕਾਰ ਦੇ ਕੋਸ਼ਾਂ ਦਾ ਉਪਯੋਗ ਵੀ ਅਲੱਗ-ਅਲੱਗ ਹੁੰਦਾ ਹੈ। ਸ਼ਬਦ ਕੋਸ਼ ਦਾ ਇੱਕ ਉਪਯੋਗ ਹੈ ਅਤੇ ਵਿਸ਼ਵਕੋਸ਼, ਵਿਸ਼ੇ ਕੋਸ਼, ਵਿਚਾਰਕੋਸ਼ ਦਾ ਦੂਜਾ ਅਤੇ ਪ੍ਰਯੋਗ ਕੋਸ਼ ਦਾ ਤੀਜਾ। ਇਸੇ ਤਰ੍ਹਾਂ ਪਰਿਭਾਸ਼ਤ ਕੋਸ਼, ਪਰਿਆਇ ਕੋਸ਼, ਵਿਉਂਤਪਤੀ ਕੋਸ਼ ਅਤੇ ਉਚਾਰਣ ਕੋਸ਼ ਦਾ ਅਲੱਗ-ਅਲੱਗ ਉਪਯੋਗ ਹੈ। ਕੋਸ਼ ਦੇ ਮਾਧਿਅਮ ਰਾਹੀਂ ਇਕ ਭਾਸ਼ਾ ਦੇ ਸਭਿਆਚਾਰ ਨੂੰ ਦੂਜੀ ਭਾਸ਼ਾ ਦੇ ਸਭਿਆਚਾਰ ਨਾਲ ਪਰਿਚਤ ਕਰਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਮਾਂ ਬੋਲੀ ਦਾ ਗਿਆਨ ਵਿਕਸਤ ਕਰਨ, ਵਿਦੇਸ਼ੀ ਭਾਸ਼ਾ ਸਿੱਖਣ, ਅਨੁਵਾਦ ਕਰਨ, ਵਿਦੇਸ਼ੀ ਭਾਸ਼ਾ ਦੇ ਸਾਹਿਤ ਨੂੰ ਪੜ੍ਹਨ ਅਤੇ ਸਮਝਣ ਲਈ ਕੋਸ਼ ਦੀ ਭੂਮਿਕਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।"[3]
ਜੇਕਰ ਵੇਖਿਆ ਜਾਵੇ ਤਾਂ ਉਪਯੋਗਤਾ ਅਤੇ ਗੁਣਵੱਤਾ ਕੋਸ਼ ਦੇ ਮੁੱਖ ਲੱਛਣ ਹਨ।
ਜੇਕਰ ਕੋਸ਼ ਪਾਠਕ ਦੀ ਕਸੌਟੀ ਤੇ ਖਰਾ ਨਹੀਂ ਉੱਤਰਦਾ ਤਾਂ ਇਹ ਕੋਸ਼ਕਾਰੀ ਦੇ ਸੰਦਰਭਾਂ ਵਿੱਚ ਆਪਣੀ ਪ੍ਰਮਾਣਿਕਤਾ ਅਤੇ ਅਰਥ ਗੁਆ ਬਹਿੰਦਾ ਹੈ। ਇਸ ਨਾਲ ਹੀ ਸਰਵ ਵਿਆਪਕ ਪ੍ਰਵਾਨਗੀ ਵੀ ਇਸਦੀ ਮੂਲ ਵਿਸ਼ੇਸ਼ਤਾ ਹੈ। ਕੋਸ਼ ਦੀ ਬਣਤਰ ਬਹੁਪਰਤੀ ਹੁੰਦੀ ਹੈ। ਇਸ ਵਿੱਚ ਕਿਸੇ ਵੀ ਸੰਕਲਪ ਨੂੰ ਕੇਵਲ ਇਕਹਰੀ ਪੱਧਰ ਤੇ ਹੀ ਪ੍ਰਭਾਸ਼ਿਤ ਨਹੀਂ ਕੀਤਾ ਜਾਂਦਾ ਸਗੋਂ ਅਰਥ ਵਿਸਥਾਰ ਦੇ ਨਾਲ ਨਾਲ ਸੰਕਲਪ ਦੀ ਬਹੁਅਰਥੀ ਪਹੁੰਚ ਵਿਧੀ ਨੂੰ ਵੀ ਉਜਾਗਰ ਕੀਤਾ ਜਾਂਦਾ ਹੈ। ਸਹੀ ਸੰਦਰਭ ਵਿਆਖਿਆ ਇਸਦਾ ਮੀਰੀ ਗੁਣ ਹੈ। ਅੱਖਰ ਕ੍ਰਮ ਇਸਨੂੰ ਵਿਉਂਤਬੰਦੀ ਦਾ ਵਿਗਿਆਨਕ ਆਧਾਰ ਪ੍ਰਦਾਨ ਕਰਦਾ ਹੈ। ਵਣਜਾਰਾ ਬੇਦੀ ਦਾ ਅੱਠ ਜਿਲਦਾਂ ਵਿੱਚ ਪ੍ਰਕਾਸ਼ਿਤ ਵਿਸ਼ਵ ਕੋਸ਼ ਇਨ੍ਹਾਂ ਮੁੱਢਲੀਆਂ ਲੋੜਾਂ ਅਤੇ ਸ਼ਰਤਾਂ ਤੇ ਖਰਾ ਉੱਤਰਦਾ ਹੈ। ਇਸ ਤਰ੍ਹਾਂ ਵਿਸ਼ਵਕੋਸ਼ ਕਿਸੇ ਵੀ ਖੇਤਰ ਜਾਂ ਖਿੱਤੇ ਦੇ ਸੱਭਿਆਚਾਰਕ ਵਿਰਸੇ ਅਤੇ ਲੋਕਧਾਰਾਈ ਸੰਕਲਪਾਂ ਨੂੰ ਸੰਭਾਲਣ ਅਤੇ ਵਿਸਥਾਰਨ ਵਿੱਚ ਅਜਿਹੀ ਭੂਮਿਕਾ ਅਦਾ ਕਰਦੇ ਹਨ। ਇਸ ਸੰਦਰਭ ਵਿੱਚ ਸੋਹਿੰਦਰ ਸਿੰਘ ਵਣਜਾਰਾ ਬੇਦੀ ਦਾ ਲੋਕਧਾਰਾ ਵਿਸ਼ਵਕੋਸ਼ ਪੰਜਾਬੀ ਲੋਕਧਾਰਾ ਦਾ ਪਹਿਲਾ ਕੋਸ਼ ਹੈ। ਮਹਾਨ ਕੋਸ਼ ਤੋਂ ਬਾਅਦ ਇਹ ਕੋਸ਼ਕਾਰੀ ਦੇ ਖੇਤਰ ਵਿੱਚ ਦੂਜਾ ਵਿਸ਼ਾਲ ਕਾਰਜ ਹੈ। ਡਾ. ਵਣਜਾਰਾ ਬੇਦੀ ਦੇ ਇਸ ਕੋਸ਼ ਸਬੰਧੀ ਇਹ ਸ਼ਬਦ ਬਹੁਤ ਮਹੱਤਵਪੂਰਨ ਹਨ, "ਮੈਨੂੰ ਇਉਂ ਜਾਪਦਾ ਹੈ ਕਿ ਪਿਛਲੇ ਕਈ ਜਨਮਾਂ ਤੋਂ ਲੋਕਾਂ ਵਿੱਚ ਰਲ ਕੇ ਲੋਕਧਾਰਾ ਦੀਆਂ ਰੂੜ੍ਹੀਆਂ ਨੂੰ ਸਿਰਜਦਾ ਅਤੇ ਬਾਰ ਬਾਰ

ਉਨ੍ਹਾਂ ਦੀ ਪੁਨਰ ਰਚਨਾ ਕਰਦਾ ਰਿਹਾ ਹਾਂ ਅਤੇ ਹੁਣ ਇਨ੍ਹਾਂ ਰੂੜ੍ਹੀਆਂ ਨੂੰ ਇਕੱਤਰ ਕਰਕੇ ਸਾਂਭਣ ਦਾ ਕੰਮ ਵੀ ਜਿਵੇਂ ਕੁਦਰਤ ਨੇ ਮੈਨੂੰ ਸੌਂਪਿਆ ਹੋਵੇ। ਮੈਂ ਹੀ ਇਨ੍ਹਾਂ ਰੂੜ੍ਹੀਆਂ ਦਾ ਸਿਰਜਕ ਹਾਂ। ਮੈਂ ਹੀ ਪਿਛਲੀ ਪੀੜ੍ਹੀ ਦੇ ਰੂਪ ਵਿੱਚ ਬਾਰ-ਬਾਰ ਅਗਲੀ ਪੀੜ੍ਹੀ ਨੂੰ ਵਿਰਸੇ ਵਜੋਂ ਇਹ ਰੂੜ੍ਹੀਆਂ ਪ੍ਰਦਾਨ ਕਰਦਾ ਰਿਹਾ ਹਾਂ ਤਾਂ ਜੋ ਇਨ੍ਹਾਂ ਦਾ ਪ੍ਰਵਾਹ ਨਿਰੰਤਰ ਚਲਦਾ ਰਹੇ ਅਤੇ ਹੁਣ ਵਿਗਿਆਨ ਦੇ ਯੁੱਗ ਵਿੱਚ ਜਦੋਂ ਇਹ ਰੂੜ੍ਹੀਆਂ ਅਤੇ ਤੱਤ ਮੌਖਿਕ ਰੂਪ ਵਿਚ ਬਹੁਤੀ ਲੰਮੀ ਯਾਤਰਾ ਕਰਨ ਦੀ ਸ਼ਕਤੀ ਗਵਾ ਬੈਠੇ ਹਨ, ਮੈਂ ਇਨ੍ਹਾਂ ਨੂੰ ਇਕੱਤਰ ਕਰਨ ਲਈ ਯਤਨਸ਼ੀਲ ਹਾਂ। ਇਹੋ ਲੋਕਾਂ ਤੋਂ ਅਨੇਕਾਂ ਰੂਪਾਂ ਵਿੱਚ ਇਕੱਠੀ ਕਰਕੇ ਮੈਂ ਇਸ ਵਿਸ਼ਵਕੋਸ਼ ਦੇ ਰੂਪ ਵਿਚ ਲੋਕਾਂ ਦੇ ਹਵਾਲੇ ਕਰ ਰਿਹਾ ਹਾਂ, 'ਤੇਰਾ ਤੁਝ ਕੋ ਸੌਂਪਤੇ ਕਿਆ ਲਾਗੇ ਮੇਰਾ'।"[4] ਜੇਕਰ ਪੰਜਾਬੀ ਵਿੱਚ ਲੋਕਧਾਰਾ ਦੇ ਖੇਤਰ ਵਿੱਚ ਹੁਣ ਤੱਕ ਹੋਏ ਮਹੱਤਵਪੂਰਨ ਅਤੇ ਮੁੱਲਵਾਨ ਕਾਰਜਾਂ ਵੱਲ ਇੱਕ ਨਜ਼ਰ ਸੁੱਟੀ ਜਾਵੇ ਤਾਂ ਵਣਜਾਰਾ ਬੇਦੀ ਵੱਲੋਂ ਤਿਆਰ ਕੀਤਾ ਪੰਜਾਬੀ ਲੋਕਧਾਰਾ ਵਿਸ਼ਵਕੋਸ਼ ਲੋਕਧਾਰਾ ਦੇ ਖੇਤਰ ਵਿੱਚ ਇੱਕ ਅਹਿਮ ਅਤੇ ਵਡੇਰਾ ਕਾਰਜ ਹੈ। ਇਸਨੇ ਪੰਜਾਬੀ ਲੋਕਧਾਰਾ ਅਧਿਐਨ ਦੇ ਖੇਤਰ ਵਿੱਚ ਆਧਾਰ ਸਮੱਗਰੀ ਮੁਹੱਈਆ ਕਰਵਾਉਣ ਦੇ ਨਾਲ ਨਾਲ ਪੰਜਾਬੀ ਵਿੱਚ ਲੋਕਧਾਰਾ ਅਧਿਐਨ ਨੂੰ ਅਨੋਖੀ ਗਤੀ ਵੀ ਪ੍ਰਦਾਨ ਕੀਤੀ ਹੈ। ਇਹ ਯੋਜਨਾਬੱਧ ਕਾਰਜ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਇੱਕ ਥੰਮ੍ਹ ਵੱਜੋਂ ਜਾਣਿਆ ਜਾਂਦਾ ਹੈ, ਜਿਸਦੇ ਇਰਦ ਗਿਰਧ ਪੰਜਾਬੀ ਲੋਕਧਾਰਾ ਦਾ ਨਵਾਂ ਢਾਂਚਾ ਉੱਸਰਿਆ ਹੋਇਆ ਹੈ। ਇਹ ਬਹੁਪਰਤੀ ਕਾਰਜ ਸਾਹਿਤ, ਇਤਿਹਾਸ, ਸਮਾਜ ਸ਼ਾਸ਼ਤਰ ਅਤੇ ਅਧਿਐਨ ਦੇ ਹੋਰ ਖੇਤਰਾਂ ਨਾਲ ਵੀ ਜੁੜਿਆ ਹੋਇਆ ਹੈ। ਉਸਦੀ ਲੋਕ ਮਨ ਪ੍ਰਤੀ ਪਹੁੰਚ ਮਨੋਵਿਗਿਆਨਕ ਅਤੇ ਸਮਾਜ ਸ਼ਾਸ਼ਤਰੀ ਦ੍ਰਿਸ਼ਟੀ ਦੀ ਧਾਰਨੀ ਹੈ। ਇਸ ਤਰ੍ਹਾਂ ਲੋਕਧਾਰਾ ਵਿਸ਼ਵਕੋਸ਼ ਅਧਿਐਨ ਦੇ ਇਕਹਰੇ ਮਾਡਲ ਨਾਲ ਸਬੰਧ ਨਹੀਂ ਰੱਖਦਾ। ਸਗੋਂ ਇਸਦੀ ਪਹੁੰਚ ਬਹੁਅਰਥੀ ਅਤੇ ਅੰਤਰ ਅਨੁਸ਼ਾਸ਼ਨੀ ਹੈ। ਇਸ ਲਈ ਉਹ ਵਿਸ਼ਵਕੋਸ਼ ਵਿੱਚ ਜਿਹੜਾ ਵੀ ਸੰਕਲਪ ਪੇਸ਼ ਕਰਦਾ ਹੈ, ਉਹ ਉਸਦੇ ਅਰਥ ਸੰਸਾਰ ਲਈ ਸਪੱਸ਼ਟ, ਸੰਖੇਪ ਅਤੇ ਢੁਕਵੀਂ ਵਿਉਂਤਬੰਦੀ ਕਰਦਾ ਹੈ। ਅਸਲ ਵਿੱਚ ਇਹ ਗਿਆਨ, ਵਿਗਿਆਨ ਅਤੇ ਚਿੰਤਨ ਦੀ ਇੱਕ ਮਿਸਾਲੀ ਜੁਗਲਬੰਦੀ ਹੈ, ਜਿਸਨੂੰ ਬੇਦੀ ਨੇ ਬਹੁਤ ਹੀ ਸੁਚੇਤ ਪੱਧਰ ਤੇ ਨਿਭਾਉਣ ਦਾ ਯਤਨ ਕੀਤਾ ਹੈ। "ਡਾ.ਬੇਦੀ ਨੇ ਆਪਣੇ ਵਿਸ਼ਵਕੋਸ਼ ਵਿੱਚ ਸ਼ਬਦਾਂ ਦੇ ਪ੍ਰਯੋਗ ਅਤੇ ਸ਼ਬਦ ਸੰਗਤ ਦਾ ਪੂਰਾ ਧਿਆਨ ਰੱਖਣ ਦੇ ਨਾਲ-ਨਾਲ ਸ਼ਬਦਾਂ ਦੇ ਹਰ ਤਰ੍ਹਾਂ ਦੇ ਪ੍ਰਯੋਗ ਅਤੇ ਪਿਛੋਕੜ ਨੂੰ ਹਰ ਤਰ੍ਹਾਂ ਦੇ ਵੇਰਵੇ ਨਾਲ ਬਿਆਨ

ਕੀਤਾ ਹੈ। ਉਦਾਹਰਣ ਵਜੋਂ 'ਚਰਖਾ' ਸ਼ਬਦ ਵੇਖਿਆ ਜਾ ਸਕਦਾ ਹੈ, ਲੇਖਕ ਨੇ ਪਹਿਲਾਂ 'ਚਰਖਾ' ਸ਼ਬਦ ਦੇ ਅੱਖਰੀ ਅਰਥ ਦਿੱਤੇ ਹੋਏ ਹਨ, ਫਿਰ ਇਸ ਨਾਲ ਸੰਬੰਧਤ ਲੋਕ ਧਾਰਨਾਵਾਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਹੈ ਕਿ ਲੋਕ ਧਾਰਨਾ ਅਨੁਸਾਰ ਵਿਸ਼ਵਕਰਮਾ ਨੇ ਚਰਖੇ ਨੂੰ ਆਪਣੇ ਹੱਥ ਨਾਲ ਬਣਾਇਆ। ਫਿਰ ਸਾਡੇ ਲੋਕ ਗੀਤਾਂ ਵਿੱਚ ਕਿਸ ਢੰਗ ਨਾਲ ਇਸ ਗੱਲ ਦਾ ਵਿਖਿਆਨ ਕੀਤਾ ਗਿਆ ਹੈ। ਫਿਰ ਚਰਖੇ ਬਾਰੇ ਅਖਾਣਾਂ, ਬੁਝਾਰਤਾਂ ਵਿਚ ਪੇਸ਼ ਹੋਈ ਤਸਵੀਰ ਪ੍ਰਸਤੁਤ ਕੀਤੀ ਗਈ ਹੈ। ਚਰਖੇ ਨਾਲ ਪੰਜਾਬਣਾਂ ਦਾ ਕੀ ਰਿਸ਼ਤਾ ਹੈ, ਦਾ ਵਰਣਨ ਬੜੇ ਭਾਵਪੂਰਤ ਢੰਗ ਨਾਲ ਕੀਤਾ ਗਿਆ ਹੈ। ਚਰਖੇ ਨਾਲ ਪੰਜਾਬਣ ਦੀਆਂ ਕਈ ਜੀਵਨ ਤੰਦਾਂ ਸਾਂਝੀਆਂ ਹਨ। ਗੋਹੜਿਆਂ ਵਿਚ ਉਸ ਦੇ ਕਈ ਸੁਪਨੇ ਵਲੇਟੇ ਪਏ ਹਨ। ਚਰਖੀ ਦੀ ਘੂਕਰ ਉਸ ਦੇ ਜੀਵਨ ਦਾ ਇਕ ਅਜਿਹਾ ਸਾਜ਼ ਹੈ, ਜੋ ਉਸ ਦੀਆਂ ਰੁੱਖੀਆਂ ਘੜੀਆਂ ਉੱਤੇ ਜਾਦੂ ਧੂੜ ਦੇਂਦਾ ਹੈ। ਚਰਖੇ ਦੀ ਘੂੰ-ਘੂੰ ਪੰਜਾਬਣਾਂ ਦੇ ਦਿਲਾਂ ਦੀ ਧੜਕਣ ਨਾਲ ਇਕਸੁਰ ਹੋ ਕੇ ਉਨ੍ਹਾਂ ਦੇ ਅੰਦਰੋਂ ਗੀਤ ਉਤਪੰਨ ਕਰਦੀ ਹੈ। ਇਸ ਤੋਂ ਬਾਅਦ ਚਰਖੇ ਨੂੰ ਕਵੀਆਂ ਨੇ ਕਿਸ ਤਰ੍ਹਾਂ ਪ੍ਰਤੀਕ ਰੂਪ ਵਿਚ ਵਰਤਿਆ ਤੇ ਇਸ ਨਾਲ ਕਿਹੜੇ-ਕਿਹੜੇ ਵਹਿਮ-ਭਰਮ ਜੁੜੇ ਹੋਏ ਹਨ ਬਾਰੇ ਵਿਸਤਰਿਤ ਜਾਣਕਾਰੀ ਦਿੱਤੀ ਗਈ ਹੈ। ਇਸ ਤਰ੍ਹਾਂ ਖਿਜਰ ਗਊ, ਗੰਗਾ, ਗਰੁੜ, ਕਬੂਤਰ, ਕੱਤਕ, ਭੇਖ, ਹਿਰਨ, ਹਮਦ, ਹਮੇਲ, ਕਹੂਤ, ਲੁਕਮਾਨ, ਵਿਸ਼ ਕੰਨਿਆ, ਵਿਕਰਮ, ਜਿੰਨ, ਤੁਲਸੀ ਅਤੇ ਹੋਰ ਅਣਗਿਣਤ ਸ਼ਬਦ ਵੇਖੇ ਜਾ ਸਕਦੇ ਹਨ ਜਿਨ੍ਹਾਂ ਨਾਲ ਸੰਬੰਧਤ ਕੋਈ ਪੱਖ ਵੀ ਅਜਿਹਾ ਨਹੀਂ ਜਿਸ ਬਾਰੇ ਜਾਣਕਾਰੀ ਨਾ ਦਿੱਤੀ ਜਾਵੇ।"[5] ਕਿਸੇ ਵੀ ਭਾਸ਼ਾ ਦੇ ਕੋਸ਼ ਦੀ ਨਿਰਮਾਣਕਾਰੀ ਦਾ ਕਾਰਜ ਐਨਾ ਸਰਲ ਅਤੇ ਸੌਖਾ ਨਹੀਂ ਹੁੰਦਾ। ਇਹ ਇੱਕ ਵੰਗਾਰ ਭਰਿਆ ਕਾਰਜ ਹੁੰਦਾ ਹੈ। ਕੋਸ਼ ਕਰਤਾ ਭਾਵੇਂ ਕਿੰਨਾ ਵੀ ਗੰਭੀਰ ਅਤੇ ਸੁਹਿਰਦ ਕਿਉਂ ਨਾ ਹੋਵੇ, ਫਿਰ ਵੀ ਇਸ ਤਰ੍ਹਾਂ ਦੇ ਮੁਸ਼ਕਲ ਅਤੇ ਵਡੇਰੇ ਕਾਰਜ ਵਿੱਚ ਕੁਝ ਖਾਮੀਆਂ ਅਤੇ ਊਣਤਾਈਆਂ ਰਹਿ ਜਾਣਾ ਬੜੀ ਸੁਭਾਵਿਕ ਗੱਲ ਹੈ। ਭਾਵੇਂ ਕਿ ਵਣਜਾਰਾ ਬੇਦੀ ਨੇ ਇਹ ਕੋਸ਼ ਤਿਆਰ ਕਰਨ ਲੱਗਿਆਂ ਬੜੀ ਸੰਤੁਲਿਤ ਪਹੁੰਚ ਅਪਣਾਈ ਹੈ ਪਰੰਤੂ ਫਿਰ ਵੀ ਕੁਝ ਇੰਦਰਾਜ਼ਾਂ ਵਿੱਚ ਵਰਣਨ ਅਤੇ ਤਫ਼ਸੀਲ ਦੀ ਘਾਟ ਰੜਕਦੀ ਹੈ। ਕਈ ਥਾਵਾਂ ਤੇ ਇਹ ਵਰਣਨ ਬੇਲੋੜਾ ਵੀ ਹੋ ਨਿਬੜਦਾ ਹੈ। ਅਸਲ ਵਿੱਚ ਇਸ ਤਰ੍ਹਾਂ ਦੇ ਵਡੇਰੇ ਅਤੇ ਗੰਭੀਰ ਕਾਰਜ ਭਾਸ਼ਾ ਲਈ ਕੰਮ ਕਰ ਰਹੀਆਂ ਸਰਕਾਰੀ ਅਤੇ ਗੈਰ-ਸਰਕਾਰੀ ਸਾਹਿਤਕ ਸੰਸਥਾਵਾਂ ਦਾ ਕੰਮ ਹੁੰਦੇ ਹਨ। ਇਸ ਦੇ ਨਾਲ ਹੀ ਵਿਉਂਤਬੰਦੀ ਇਨ੍ਹਾਂ ਦਾ ਮੂਲ ਆਧਾਰ ਬਣਦੀ ਹੈ। ਢੁਕਵਾਂ ਸਮਾਂ ਅਤੇ ਖੋਜ ਦੀਆਂ ਹੋਰ ਮੁਢਲੀਆਂ ਲੋੜਾਂ

ਇਸ ਵਿੱਚ ਆਪਣਾ ਬਣਦਾ ਯੋਗਦਾਨ ਅਦਾ ਕਰਦੀਆਂ ਹਨ। ਇਕੱਲੇ ਵਿਅਕਤੀ ਦੁਆਰਾ ਅਜਿਹਾ ਵਿਸ਼ਾਲ ਕਾਰਜ ਨੇਪਰੇ ਚਾੜ੍ਹਨਾ ਆਪਣੇ ਆਪ ਵਿੱਚ ਇੱਕ ਮਿਸਾਲੀ ਕਾਰਜ ਹੈ। ਇਸ ਪਿੱਛੇ ਲੇਖਕ ਦੀ ਲੰਬੀ ਘਾਲਣਾ ਦੇ ਨਾਲ ਨਾਲ ਸਿਰੜ ਦੀ ਸਿਖਰ ਵੀ ਵੇਖੀ ਜਾ ਸਕਦੀ ਹੈ। ਅਜੋਕੇ ਦੌਰ ਵਿੱਚ ਇਸ ਕੋਸ਼ ਦੀ ਮਹੱਤਤਾ ਬਹੁਪੱਖੀ ਹੈ। ਇਸਦੀ ਸੀਮਾ ਇਕੱਲੇ ਲੋਕਧਾਰਾਈ ਵਿਖਿਆਨਾਂ ਅਤੇ ਸੰਕਲਪਾਂ ਤੀਕ ਹੀ ਮਹਿਦੂਦ ਨਹੀਂ ਰਹਿੰਦੀ, ਇਹ ਪੰਜਾਬੀ ਸਾਹਿਤ-ਸੱਭਿਆਚਾਰ ਦੇ ਇੱਕ ਪੂਰਨ ਕੋਸ਼ ਵੱਜੋਂ ਆਪਣੀ ਮਹੱਤਤਾ ਜ਼ਾਹਰ ਕਰਦਾ ਹੈ। ਇਸਨੂੰ ਇਤਿਹਾਸਕ-ਮਿਥਿਹਾਸਕ ਅਤੇ ਲੋਕਧਾਰਾਈ ਸੰਕਲਪ ਅਨੂਠੀ ਰੌਚਿਕਤਾ ਅਤੇ ਪਛਾਣ ਪ੍ਰਦਾਨ ਕਰਦੇ ਹਨ।

ਵਣਜਾਰਾ ਬੇਦੀ ਨੇ ਇਸ ਵਿਸ਼ਵਕੋਸ਼ ਦਾ ਨਿਰਮਾਣ ਬੜੇ ਵਿਧੀ ਵਿਧਾਨ ਅਤੇ ਕੋਸ਼ਕਾਰੀ ਦੇ ਪ੍ਰਚਲਿਤ ਨਿਯਮਾਂ ਦੇ ਅਨੁਸਾਰ ਕਰਨ ਦਾ ਯਤਨ ਕੀਤਾ ਹੈ। ਇਸਦੀ ਤਰਤੀਬ ਅੱਖਰ ਕ੍ਰਮ ਅਨੁਸਾਰ ਬੜੀ ਵਾਜਬ ਅਤੇ ਢੁਕਵੀਂ ਹੈ। ਇਸ ਵਿਸ਼ਵਕੋਸ਼ ਦੀ ਸਰੋਤ-ਸਮੱਗਰੀ ਦਾ ਗਿਆਨ ਭੰਡਾਰ ਬਹੁਤ ਵਿਸ਼ਾਲ ਪਹੁੰਚ ਰੱਖਦਾ ਹੈ। ਇਹ ਸਰੋਤ ਸਮੱਗਰੀ ਜਿੱਥੇ ਸਿਧਾਂਤਕ ਪੁਸਤਕਾਂ ਵਿੱਚੋਂ ਇਕੱਤਰੀ ਕੀਤੀ ਗਈ ਹੈ, ਉਸਦੇ ਨਾਲ ਹੀ ਗਿਆਨ ਦੀ ਮੌਖਿਕ ਪਰੰਪਰਾ ਵਿੱਚੋਂ ਵੀ ਪ੍ਰਾਪਤ ਕੀਤੀ ਗਈ ਹੈ। ਇਸ ਵਿੱਚ ਸਾਡਾ ਸੱਭਿਆਚਾਰਕ ਵਿਰਸਾ ਅਤੇ ਲੋਕ ਜੀਵਨ ਜੀਵੰਤ ਰੂਪ ਵਿੱਚ ਧੜਕਦਾ ਮਹਿਸੂਸ ਹੁੰਦਾ ਹੈ। ਇਸ ਵਿੱਚ ਸਾਡੇ ਲੋਕ ਜੀਵਨ ਵਿੱਚੋਂ ਇਕੱਤਰ ਕੀਤੇ ਵੇਰਵੇ ਅਤੇ ਤੱਥ ਇਸਨੂੰ ਹੋਰ ਵੀ ਸਜੱਗਤਾ ਅਤੇ ਤਾਜ਼ਗੀ ਪ੍ਰਦਾਨ ਕਰਦੇ ਹਨ। ਇਸ ਵਿਸ਼ਵਕੋਸ਼ ਵਿੱਚ ਸ਼ਬਦ-ਅਰਥ ਦਾ ਸੰਚਾਰ ਲੇਖਕ ਨੇ ਬਹੁਤ ਹੀ ਤਰਕਪੂਰਨ ਅਤੇ ਵਿਗਿਆਨਕ ਢੰਗ ਨਾਲ ਦੇਣ ਦਾ ਯਤਨ ਕੀਤਾ ਹੈ। ਇਸ ਸਬੰਧੀ ਉਸਦੀ ਤਫ਼ਸੀਲ ਅਤੇ ਵਰਣਨ ਬਹੁਤ ਹੀ ਸੰਖੇਪ ਅਤੇ ਢੁਕਵੇਂ ਹਨ। ਇਸ ਕਾਰਜ ਦੌਰਾਨ ਲੇਖਕ ਤੇ ਲੋਕਧਾਰਾ ਦੇ ਵੇਗ ਦਾ ਪ੍ਰਭਾਵ ਸਪੱਸ਼ਟ ਰੂਪ ਵਿੱਚ ਦ੍ਰਿਸ਼ਟੀਗੋਚਰ ਹੁੰਦਾ ਹੈ। ਪੰਜਾਬੀ ਲੋਕਧਾਰਾ ਅਧਿਐਨ ਲਈ ਇਹ ਇੱਕ ਮੁੱਢਲਾ ਅਤੇ ਪ੍ਰਮਾਣਿਕ ਵਿਸ਼ਵਕੋਸ਼ ਹੈ। ਇਸਦੀ ਭਾਸ਼ਾ ਸਰਲ ਠੇਠ ਅਤੇ ਮੁਹਾਵਰੇ ਵਾਲੀ ਹੈ। ਇਹ ਵਿਸ਼ਵਕੋਸ਼ ਜਿੱਥੇ ਪੰਜਾਬੀ ਲੋਕਧਾਰਾ ਅਧਿਐਨ ਲਈ ਇੱਕ ਸਰੋਤ ਗ੍ਰੰਥ ਦੀ ਭੂਮਿਕਾ ਅਦਾ ਕਰਦਾ ਹੈ, ਉਸਦੇ ਨਾਲ ਹੀ ਲੋਕਧਾਰਾ ਦੇ ਵਿਦਿਆਰਥੀਆਂ ਲਈ ਵੀ ਬਹੁਤ ਉਪਯੋਗੀ ਸਿੱਧ ਹੁੰਦਾ ਹੈ। ਇਸ ਕੋਸ਼ ਦੀ ਵਿਉਂਤਬੰਦੀ ਅਤੇ ਇੰਦਰਾਜ਼ਾਂ ਬਾਰੇ ਡਾ.ਕੇਸਰ ਸਿੰਘ ਕੇਸਰ ਦਾ ਵਿਚਾਰ ਹੈ, "ਲੋਕਧਾਰਾ ਵਿਸ਼ਵਕੋਸ਼ ਵਿਚ ਇਸ ਦੀ ਬੜੀ ਢੁਕਵੀਂ ਵਰਤੋਂ ਹੋਈ ਹੈ। ਜਿਹੜੀ ਗੱਲ ਜਾਂ ਪਰਿਭਾਸ਼ਾ

ਇਕ ਤੋਂ ਵੱਧ ਐਂਟਰੀਆਂ ਵਿਚ ਸਪੱਸ਼ਟ ਹੁੰਦੀ ਹੈ, ਇਕ ਦੂਜੀ ਵਿਚ ਉਸ ਦਾ ਸੰਕੇਤ ਦਿੱਤਾ ਗਿਆ ਹੈ ਜਿਵੇਂ ਲੋਰੀ ਨਾਲ ਸੰਬੰਧਤ ਇਕ ਲੋਕ ਗੀਤ ਹੈ, "ਅਲੜ ਬਲੜ" ਜਿਸ ਬਾਰੇ ਪੂਰੀ ਸਪੱਸ਼ਟਤਾ ਲੋਰੀ ਦੀ ਐਂਟਰੀ ਪੜ੍ਹ ਕੇ ਹੀ ਹੋ ਸਕਦੀ ਹੈ, ਜੋ ਕਿ ਸੰਕੇਤਕ ਰੂਪ ਵਿੱਚ ਉਸਦੇ ਦੇ ਅੰਤ ਵਿਚ ਦਰਜ਼ ਹੈ। ਇਸੇ ਤਰ੍ਹਾਂ ਜਿਨ੍ਹਾਂ ਵਸਤਾਂ ਤੇ ਗੀਤਾਂ ਦੇ ਦੋ-ਦੋ ਨਾਂ ਪ੍ਰਚੱਲਿਤ ਹਨ ਉਨ੍ਹਾਂ ਦੇ ਅੰਦਰਾਜ ਲਿਖ ਕੇ ਇਕ ਦੂਜੇ ਵੱਲ ਸੰਕੇਤ ਕਰ ਦਿੱਤਾ ਗਿਆ ਹੈ- ਜਿਵੇਂ 'ਉਠਾਲਾ' ਤੇ 'ਉਠਾਵਲੀ'। ਜੇ ਕੋਈ ਸ਼ਬਦ ਸੰਕੇਤ ਆਮ ਪ੍ਰਚਲਨ ਵਿਚ ਹੋਰ ਵੇਰਵੇ ਤੇ ਸਥਾਨਕ ਪ੍ਰਚਲਨ ਵਿਚ ਕੋਈ ਹੋਰ ਰੂਪ ਅਖ਼ਤਿਆਰ ਕਰ ਗਿਆ ਹੋਵੇ ਤਾਂ ਵੀ ਦੋ ਅੰਦਰਾਜ ਬਣਾਏ ਗਏ ਹਨ ਪਰ ਦੋਹਾਂ ਵਿਚ ਵਿਆਖਿਆ ਕੇਵਲ ਆਮ ਪ੍ਰਚਲਿਤ ਸੰਕੇਤ ਦੀ ਹੀ ਕੀਤੀ ਗਈ ਹੈ ਜਿਵੇਂ 'ਸੀਤਲਾ' ਤੇ 'ਹਸਣੀ ਖੇਡਣੀ ਮਾਤਾ' ਇਨ੍ਹਾਂ ਵਿਚ ਸੀਤਲਾ ਦੀ ਵਿਆਖਿਆ ਕਰ ਦਿੱਤੀ ਗਈ ਹੈ ਤੇ ਹਸਣੀ ਖੇਡਣੀ ਮਾਤਾ ਦੀ ਟਿੱਪਣੀ ਲਿਖ ਕੇ ਬ੍ਰੈਕਟ ਵਿਚ ਲਿਖ ਦਿੱਤਾ ਗਿਆ ਹੈ ਸਤਿਆ ਤੇ ਸਵਾਸਤਿਕ ਦੋਵੇਂ ਆਮ ਪ੍ਰਚੱਲਿਤ ਹਨ- ਪਹਿਲਾ ਘੱਟ ਤੇ ਦੂਜਾ ਵੱਧ। ਵਸਤੂ ਸੰਗਠਨ ਤੇ ਸੰਖੇਪਤਾ ਦੀ ਦ੍ਰਿਸ਼ਟੀ ਤੋਂ ਦੂਹਰੇ ਅੰਦਰਾਜਾਂ ਦੀ ਤਕਨੀਕ ਨਿਸ਼ਚੇ ਹੀ ਇਕ ਵਿਗਿਆਨਕ ਤਕਨੀਕ ਹੈ।"[6] ਡਾ. ਵਣਜਾਰਾ ਬੇਦੀ ਨੇ ਲੋਕਧਾਰਾ ਦੇ ਖੇਤਰ ਵਿੱਚ ਸਮੁੱਚਾ ਕਾਰਜ ਖੇਤਰੀ ਖੋਜ ਦੇ ਆਧਾਰ ਤੇ ਮੁਕੰਮਲ ਕੀਤਾ ਹੈ। ਉਹ ਆਪਣੀ ਖੋਜ ਸਮੱਗਰੀ ਜਿੱਥੇ ਸਾਡੇ ਲੋਕ ਜੀਵਨ ਵਿੱਚੋਂ ਪ੍ਰਾਪਤ ਕਰਦਾ ਹੈ, ਉਸਦੇ ਨਾਲ ਹੀ ਆਪਣੀ ਸਮਾਜਿਕ ਪਹੁੰਚ ਪ੍ਰਤੀ ਵੀ ਪੂਰਾ ਸੁਚੇਤ ਹੈ। ਇਸ ਤਰ੍ਹਾਂ ਉਸਨੇ ਪੰਜਾਬੀ ਲੋਕਧਾਰਾ ਨੂੰ ਇੱਕ ਵਿਗਿਆਨਕ ਮਾਡਲ ਦੇਣ ਦਾ ਯਤਨ ਕੀਤਾ ਹੈ।

ਵਣਜਾਰਾ ਬੇਦੀ ਦਾ ਇਹ ਹਾਸਿਲ ਹੈ ਕਿ ਉਸਨੇ ਸਿਧਾਂਤ ਨੂੰ ਵਿਸ਼ੇ ਦੇ ਖੇਤਰੀ ਸਰੂਪ ਨਾਲ ਜੋੜਨ ਦਾ ਯਤਨ ਕੀਤਾ ਹੈ। ਇਸ ਸਬੰਧੀ ਇੱਥੇ ਪ੍ਰਸਿੱਧ ਲੋਕਧਾਰਾ ਵਿਦਵਾਨ ਡਾ.ਨਾਹਰ ਸਿੰਘ ਦੇ ਵਿਚਾਰ ਵਿਸ਼ੇਸ਼ ਤੌਰ ਤੇ ਗ਼ੌਲਣਯੋਗ ਹਨ, "ਪੰਜਾਬੀ ਵਿੱਚ ਭਾਈ ਕਾਨ੍ਹ ਸਿੰਘ ਨਾਭਾ ਦੇ 'ਮਹਾਨ ਕੋਸ਼' ਤੋਂ ਇੱਕ ਲੰਮੇ ਅਰਸੇ ਬਾਅਦ ਡਾ.ਬੇਦੀ ਦਾ 'ਪੰਜਾਬੀ ਲੋਕਧਾਰਾ ਵਿਸ਼ਵਕੋਸ਼' ਇੱਕ ਵੱਡੀ ਪ੍ਰਾਪਤੀ ਕਹੀ ਜਾ ਸਕਦੀ ਹੈ। ਪੰਜਾਬੀਆਂ ਕੋਲ ਆਪਣੇ ਸਭਿਆਚਾਰ ਦੀ ਪਛਾਣ ਹਿਤ ਇਹ ਇਕ ਮਾਣਯੋਗ ਗ੍ਰੰਥ ਹੈ। ਸਿਰਜਨਾਤਮਕ ਸ਼ੈਲੀ ਵਿੱਚ ਰਚੇ ਗਏ ਇਸ ਗ੍ਰੰਥ ਵਿੱਚੋਂ ਪੰਜਾਬ ਦੀ ਸਦੀਆਂ ਲੰਮੀ ਸਾਂਸਕ੍ਰਿਤਕ ਧਾਰਾ ਦੀ ਨੁਹਾਰ ਤੇ ਇਸ ਅੰਦਰ ਵਿਭਿੰਨ ਇਤਿਹਾਸਕ ਪੜਾਵਾਂ ਉੱਤੇ ਆਏ ਗੁਣਾਤਮਕ ਪਰਿਵਰਤਨਾਂ ਦੀ ਥਾਹ ਮਿਲਦੀ ਹੈ। ਇਸ ਗ੍ਰੰਥ ਵਿੱਚ ਉਪਲਬਧ ਸਮੱਗਰੀ ਪੰਜਾਬੀ ਸਭਿਆਚਾਰ ਅੰਦਰਲੇ

ਇਤਿਹਾਸਕ ਰੂਪਾਂਤਰਣ ਦੀ ਪ੍ਰਕਿਰਿਆ ਦੇ ਅਧਿਐਨ ਲਈ ਪ੍ਰਮਾਣਿਕ ਆਧਾਰ ਬਣਨ ਦੇ ਸਮਰੱਥ ਹੈ।"[7] ਡਾ. ਵਣਜਾਰਾ ਬੇਦੀ ਨੇ ਲੋਕਧਾਰਾ ਦੇ ਖੇਤਰ ਵਿੱਚ ਨਿੱਠ ਕੇ ਕੰਮ ਕੀਤਾ ਹੈ। ਉਸਦੀਆਂ ਧਾਰਨਾਵਾਂ ਮੌਲਿਕ ਹਨ। ਇਸ ਕਾਰਜ ਲਈ ਉਸਨੇ ਪੰਜਾਬ ਦੀ ਮੌਖਿਕ ਪਰੰਪਰਾ ਅਤੇ ਜੀਵਨ ਵਿਹਾਰ ਨੂੰ ਸੱਭਿਆਚਾਰਕ ਸੰਦਰਭਾਂ ਵਿੱਚ ਚੰਗੀ ਤਰ੍ਹਾਂ ਘੋਖਿਆ ਪੜ੍ਹਤਾਲਿਆ ਹੈ। ਇਹ ਕੋਈ ਐਨਾ ਸਰਲ ਕਾਰਜ ਨਹੀਂ ਹੈ। ਪੰਜਾਬ ਵਿੱਚ ਵੱਖ ਵੱਖ ਜਾਤੀਆਂ, ਜਨਜਾਤੀਆਂ ਅਤੇ ਕਬੀਲਿਆਂ ਦੇ ਲੋਕ ਵੱਸਦੇ ਹਨ। ਇਹ ਸਾਰੇ ਮਿਲਕੇ ਇੱਕ ਸਾਂਝੀ ਸੱਭਿਆਚਾਰਕ ਵਿਰਾਸਤ ਦਾ ਪ੍ਰਗਾਟਾਵਾ ਕਰਦੇ ਹਨ। ਇਸ ਤਰ੍ਹਾਂ ਇਸ ਮਿਸ਼ਰਤ ਸੱਭਿਆਚਾਰ ਨੂੰ ਅੱਡ ਅੱਡ ਸੱਭਿਆਚਾਰਕ ਗੁੱਟਾਂ ਵਿੱਚ ਤਰਤੀਬ ਦੇਣੀ ਅਤੇ ਪ੍ਰੀਭਾਸ਼ਤ ਕਰਨਾ ਬੜਾ ਮੁਸ਼ਕਲ ਅਤੇ ਜ਼ੋਖਿਮ ਭਰਿਆ ਕਾਰਜ ਹੈ। ਵਣਜਾਰਾ ਬੇਦੀ ਨੇ ਇਸ ਸਾਂਸਕ੍ਰਿਤਕ ਪਾਸਾਰੇ ਨੂੰ ਬਹੁਤ ਹੀ ਵਿਗਿਆਨਕ ਢੰਗ ਅਤੇ ਸੁਹਿਰਦਤਾ ਨਾਲ ਨੇਪਰੇ ਚਾੜਿਆ ਹੈ। "ਇਸ ਵਿਸ਼ਵਕੋਸ਼ ਵਿਚ ਪ੍ਰਸਤੁਤ ਹੋਈ ਲੋਕਧਾਰਾਈ ਸਮੱਗਰੀ ਦਾ ਅਧਿਐਨ ਇਕ ਹੋਰ ਪੱਖੋਂ ਕੁਝ ਹੋਰ ਸਾਰਥਕ ਸਿੱਟਿਆਂ ਦੀ ਤਲਾਸ਼ ਵਿਚ ਸਹਾਈ ਹੋ ਸਕਦਾ ਹੈ। ਇਸ ਵਿਚ ਉਪਲਬਧ ਲੋਕਧਾਰਾਈ ਸਮੱਗਰੀ ਦਾ ਬਹੁਤ ਵੱਡਾ ਹਿੱਸਾ ਲੋਕ ਵਿਸ਼ਵਾਸ਼ਾਂ ਨਾਲ ਸੰਬੰਧਤ ਹੈ ਜਿਸ ਨੂੰ ਬਣਨ, ਵਿਗਸਤ ਹੋਣ ਵਿਚ ਕਈ ਸਦੀਆਂ ਦਾ ਸਮਾਂ ਲੱਗਾ ਹੈ। ਹਰ ਪੀੜ੍ਹੀ ਨੇ ਆਪਣੀ ਲੋੜ ਅਨੁਸਾਰ ਅਤੇ ਆਪਣੇ ਅਨੁਭਵ ਦੇ ਆਧਾਰ ਤੇ ਇਨ੍ਹਾਂ ਵਿਚ ਆਉਣ ਤੇ ਲੋਕ ਮਾਨਸਿਕਤਾ ਦਾ ਅੰਗ ਬਣਨ ਵਿਚ ਕਿਹੜੇ-ਕਿਹੜੇ ਕਾਰਨ ਕਾਰਜਸ਼ੀਲ ਰਹੇ ਹਨ, ਉਨ੍ਹਾਂ ਦਾ ਅਧਿਐਨ ਵਿਸ਼ਲੇਸ਼ਣ ਨਹੀਂ ਕੀਤਾ। ਜੇਕਰ ਇਨ੍ਹਾਂ ਕਾਰਨਾਂ ਦੀ ਘੋਖ ਕੀਤੀ ਜਾਵੇ ਤਾਂ ਸਪੱਸ਼ਟ ਹੋਵੇਗਾ ਕਿ ਹਰ ਵਿਸ਼ਵਾਸ ਦੇ ਪਿੱਛੇ ਕੋਈ ਨਾ ਕੋਈ ਕਾਰਨ ਜ਼ਰੂਰ ਹੋਵੇਗਾ। ਇਨ੍ਹਾਂ ਕਾਰਨਾਂ ਨੂੰ ਜਾਨਣ ਦਾ ਯਤਨ ਲੋਕ ਮਾਨਸਿਕਤਾ ਅਤੇ ਸਮਾਜਿਕ ਵਿਕਾਸ ਦੀ ਪ੍ਰਕਿਰਿਆ ਨੂੰ ਵਧੇਰੇ ਸਾਰਥਕ ਢੰਗ ਨਾਲ ਸਮਝਣ ਵਿਚ ਸਹਾਈ ਹੋ ਸਕਦਾ ਹੈ। ਉਦਾਹਰਣ ਵੱਜੋਂ ਲੋਕ-ਵਿਸ਼ਵਾਸਾਂ ਪਿੱਛੇ ਇਕ ਮਹੱਤਵਪੂਰਨ ਤੱਥ ਇਹ ਉਜਾਗਰ ਹੁੰਦਾ ਹੈ ਕਿ ਹਰ ਵਸਤੂ, ਸਥਿਤੀ ਜਾਂ ਘਟਨਾ ਨੂੰ ਲੋਕ ਆਪੋ-ਆਪਣੇ ਧਾਰਮਿਕ ਅਕੀਦੇ ਅਨੁਸਾਰ ਗੈਬੀ ਸ਼ਕਤੀਆਂ ਨਾਲ ਸੰਬੰਧਤ ਕਰਦੇ ਹਨ। ਦੂਸਰੀ ਗੱਲ ਧਰਤੀ, ਸੂਰਜ, ਚੰਦ, ਤਾਰੇ, ਪਸ਼ੂ, ਪੰਛੀ ਤੇ ਹੋਰ ਜਾਨਵਰ ਮਨੁੱਖਾਂ ਵਾਂਗ ਸੋਚਦੇ ਵਿਚਰਦੇ, ਦੁੱਖ-ਸੁੱਖ ਸਹਿੰਦੇ ਲੋਕ ਮਾਨਸਿਕਤਾ ਦਾ ਅੰਗ ਬਣੇ ਹਨ। ਲੋਕਾਂ ਦੀ ਅਜਿਹੀ ਮਾਨਸਿਕਤਾ ਦਾ ਤੇ ਵਹਿਮਾਂ-ਭਰਮਾਂ ਪਿੱਛੇ ਪੁੱਛੇ ਕਾਰਨਾਂ ਦੀ ਘੋਖ ਕਰਨ ਨਾਲ ਦਿਲਚਸਪ ਸਿੱਟੇ ਸਾਹਮਣੇ ਆ ਸਕਦੇ ਹਨ।"[8]

ਇਸ ਤਰ੍ਹਾਂ ਵਣਜਾਰਾ ਬੇਦੀ ਨੇ ਅੱਠ ਜਿਲਦਾਂ ਵਿੱਚ ਵੱਡ ਆਕਾਰੀ ਲੋਕਧਾਰਾ ਵਿਸ਼ਵਕੋਸ਼ ਦਾ ਨਿਰਮਾਣ ਕਰਕੇ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਇੱਕ ਨਵਾਂ ਕੀਰਤੀਮਾਨ ਸਥਾਪਿਤ ਕੀਤਾ ਹੈ। ਇਸ ਵਿੱਚੋਂ ਲੇਖਕ ਦੀ ਲੰਬੀ ਘਾਲਣਾ ਅਤੇ ਸਿਰੜ ਦੇ ਦੀਦਾਰ ਹੁੰਦੇ ਹਨ। ਇਕੱਲੇ ਮਨੁੱਖ ਦੁਆਰਾ ਇੱਕ ਸੰਸਥਾ ਜਿਨ੍ਹਾਂ ਕੰਮ ਕਰਨ ਦੀਆਂ ਉਦਾਹਰਨਾਂ ਸਾਨੂੰ ਬਹੁਤ ਘੱਟ ਮਿਲਦੀਆਂ ਹਨ।

ਵਣਜਾਰਾ ਬੇਦੀ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ 'ਮੇਰੀ ਪ੍ਰਤੀਨਿਧ ਰਚਨਾ' ਵਿੱਚ ਇਸ ਵਿਸ਼ਵਕੋਸ਼ ਦੇ ਮੰਤਵ ਤੇ ਮਹੱਤਵ ਬਾਰੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ- ਹਰ ਯੁੱਗ ਦਾ ਮੌਖਿਕ ਸਾਹਿਤ ਤੇ ਹੋਰ ਰੂੜ੍ਹੀਆਂ ਦੀ ਸੰਭਾਲ ਬੜੀ ਜ਼ਰੂਰੀ ਹੈ। ਗੁਨਾਢੇ ਨੇ ਆਪਣੇ ਸਮੇਂ ਦੀਆਂ ਲੋਕ-ਕਹਾਣੀਆਂ ਇਕੱਠੀਆਂ ਕਰਕੇ ਉਨ੍ਹਾਂ ਨੂੰ ਇਕ ਖ਼ਾਸ ਸੂਤਰ ਵਿਚ ਬੰਨ੍ਹ ਕੇ 'ਵੱਡ ਕਹਾ' ਦੀਆਂ ਅਨੇਕਾਂ ਜਿਲਦਾਂ ਵਿਚ ਸੰਭਾਲਿਆ। ਦਸਮ ਗ੍ਰੰਥ ਵਿਚ ਤੀਵੀਆਂ ਤੇ ਮਰਦਾਂ ਦੀਆਂ 405 ਚਰਿਤ੍ਰ ਕਹਾਣੀਆਂ ਇਸੇ ਮੌਖਿਕ ਪਰੰਪਰਾ ਨੂੰ ਸੰਭਾਲਣ ਦੀ ਪਿਰਤ ਪ੍ਰਕ੍ਰਿਆ ਵੱਲ ਇਕ ਮਹਾਨ ਉੱਦਮ ਹੈ। ਇਨ੍ਹਾਂ ਦੁਆਰਾ ਜਾਤੀ ਦੀ ਮਾਨਸਿਕਤਾ ਨੂੰ ਸਮਝਣ ਲਈ ਬੁਨਿਆਦੀ ਸਮੱਗਰੀ ਕਾਫ਼ੀ ਮਾਤਰਾ ਵਿਚ ਮਿਲ ਜਾਂਦੀ ਹੈ। ਇਨ੍ਹਾਂ ਗੱਲਾਂ ਤੋਂ ਹੀ ਮੈਨੂੰ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਲਿਖਣ ਲਈ ਉਤਸ਼ਾਹ ਮਿਲਿਆ। ਇਸ ਕੋਸ਼ ਵਿਚ ਮੈਂ ਪੰਜਾਬੀ ਮਾਨਸਿਕਤਾ ਦੀਆਂ ਬੁਨਿਆਦੀ ਰੂੜ੍ਹੀਆਂ ਨੂੰ ਖੋਜਣ ਦਾ ਉੱਦਮ ਕੀਤਾ ਹੈ। ਲੋਕਧਾਰਾ ਤੇ ਉਸ ਨਾਲ ਸੰਬੰਧਿਤ ਅਨੇਕਾਂ ਸਿਧਾਂਤਕ ਸ਼ਬਦਾਂ ਦੀ ਵਿਆਖਿਆ ਤੇ ਉਨ੍ਹਾਂ ਨੂੰ ਪ੍ਰਭਾਸ਼ਿਤ ਕਰਨ ਦਾ ਯਤਨ ਵੀ ਕੀਤਾ। ਕੁਝ ਮਿੱਥਕ ਕਥਾਵਾਂ, ਲੋਕ ਕਹਾਣੀਆਂ, ਗੀਤਾਂ ਦੀਆਂ ਅਨੇਕ ਵੰਨਗੀਆਂ ਨੂੰ ਸਮਝਣ-ਸਮਝਾਣ ਦਾ ਯਤਨ ਹੈ। ਮੇਰਾ ਯਤਨ ਇਹ ਹੈ ਕਿ ਲੋਕਧਾਰਾ ਦੀ ਹਰ ਵਸਤ ਤੇ ਸੰਕਲਪ ਆਦਿ ਨੂੰ ਪਰੰਪਰਾ, ਲੋਕ-ਮਨ ਤੇ ਸੰਸਕ੍ਰਿਤੀ ਵਿਚੋਂ ਹੁੰਗਾਲ ਕੇ ਵੇਖਾਂ। ਇਹੋ ਮੇਰੀ ਅਧਿਐਨ ਵਿਧੀ ਸੀ। ਇਸ ਤਰ੍ਹਾਂ ਸੋਹਿੰਦਰ ਸਿੰਘ ਵਣਜਾਰਾ ਬੇਦੀ ਦੀ ਇਹ ਉਪਰੋਕਤ ਟਿੱਪਣੀ ਇਸ ਕੋਸ਼ ਦੇ ਮੰਤਵ ਤੇ ਮਹੱਤਵ ਬਾਰੇ ਬੜਾ ਕੁਝ ਬਿਆਨ ਕਰ ਦਿੰਦੀ ਹੈ। ਇਸ ਕੋਸ਼ ਦਾ ਨਿਰਮਾਣ ਕਰਨ ਵੇਲੇ ਉਨ੍ਹਾਂ ਨੂੰ ਅਨੇਕਾਂ ਸਮਾਜਿਕ ਅਤੇ ਆਰਥਿਕ ਔਕੜਾਂ ਦਾ ਸਾਹਮਣਾ ਵੀ ਕਰਨਾ ਪਿਆ। ਇਸ ਵਿਸ਼ਾਲ ਕਾਰਜ ਵੇਲੇ ਵਿੱਤੀ ਸੰਕਟ ਵੀ ਲਗਾਤਾਰ ਉਨ੍ਹਾਂ ਦੇ ਸਿਰ ਤੇ ਮੰਡਰਾ ਰਿਹਾ ਸੀ ਪਰ ਇਸਦੇ ਬਾਵਜੂਦ ਵੀ ਉਹ ਸਿਰ ਸੁੱਟ ਕੇ ਦਿਨ ਰਾਤ ਇਸ ਕਠਿਨ ਕਾਰਜ ਨੂੰ ਨੇਪਰੇ ਚਾੜ੍ਹਨ ਵਿੱਚ ਜੁੱਟੇ ਰਹੇ। ਉਨ੍ਹਾਂ ਨੂੰ ਕੋਸ਼ਕਾਰੀ ਦੇ ਨਾਲ ਨਾਲ ਇਸਦੀ ਪ੍ਰਕਾਸ਼ਨਾ

ਲਈ ਵੀ ਉਚੇਚੇ ਯਤਨ ਕਰਨੇ ਪਏ। ਇਸ ਸਮੇਂ ਦੌਰਾਨ ਉਹ ਆਪਣੀ ਬਿਮਾਰ ਮਾਤਾ ਦੀ ਢੁਕਵੀਂ ਦੇਖਭਾਲ ਵੀ ਨਾ ਕਰ ਸਕੇ। ਇਸ ਤਰ੍ਹਾਂ ਸੰਖੇਪ ਬਿਮਾਰੀ ਦੇ ਚਲਦਿਆਂ ਉਨ੍ਹਾਂ ਦੀ ਮਾਤਾ ਦਾ ਦੇਹਾਂਤ ਹੋ ਗਿਆ। ਉਨ੍ਹਾਂ ਨੂੰ ਭਾਬੀ ਜੀ (ਮਾਤਾ) ਦੀ ਮੌਤ ਦਾ ਬੜਾ ਗਹਿਰਾ ਸਦਮਾ ਪੁੱਜਦਾ ਹੈ, ਜਿਸਦਾ ਜ਼ਿਕਰ ਉਨ੍ਹਾਂ ਨੇ ਆਪਣੀ ਆਤਮ ਕਥਾ 'ਮੇਰਾ ਨਾਨਕਾ ਪਿੰਡ' ਦੀ ਭੂਮਿਕਾ ਵਿੱਚ ਵੀ ਕੀਤਾ ਹੈ। ਇਸ ਤਰ੍ਹਾਂ ਆਪਣੇ ਰਾਹ ਵਿੱਚ ਆਈਆਂ ਅਨੇਕਾਂ ਔਕੜਾਂ ਦੇ ਬਾਵਜੂਦ ਵੀ ਉਨ੍ਹਾਂ ਨੇ ਇਹ ਵਿਸ਼ਾਲ ਅਤੇ ਵੰਗਾਰ ਭਰਿਆ ਕਾਰਜ ਮੁਕੰਮਲ ਕਰਕੇ ਵਿਖਾਇਆ। ਇੱਥੋਂ ਉਨ੍ਹਾਂ ਦੀ ਸਖ਼ਸ਼ੀਅਤ ਅਤੇ ਪੰਜਾਬੀ ਸਾਹਿਤ ਪ੍ਰਤੀ ਨਿਸ਼ਠਾ ਨੂੰ ਸਮਝਿਆ ਜਾ ਸਕਦਾ ਹੈ। ਵਰਤਮਾਨ ਦੌਰ ਵਿੱਚ ਭਾਸ਼ਾ, ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਅਜਿਹੇ ਕਾਰਜ ਵਿੱਢਣਾ ਅਤੇ ਨੇਪਰੇ ਚਾੜ੍ਹਨਾ ਨਵੀਂ ਪੀੜ੍ਹੀ ਦੇ ਵਿਦਵਾਨਾਂ ਅਤੇ ਖੋਜੀਆਂ ਲਈ ਇੱਕ ਵੰਗਾਰ ਬਣੇ ਹੋਏ ਹਨ।

ਡਾ.ਸੁਖਦੀਪ ਕੌਰ ਨੇ ਵਣਜਾਰਾ ਬੇਦੀ ਤੇ ਲਿਖੀ ਆਪਣੀ ਪੁਸਤਕ 'ਲੋਕਧਾਰਾ ਦਾ ਵਗਦਾ ਦਰਿਆ-ਵਣਜਾਰਾ ਬੇਦੀ' ਵਿੱਚ ਇਸ ਵਿਸ਼ਵ ਕੋਸ਼ ਦੀਆਂ ਹੇਠ ਲਿਖੀਆਂ ਮੁੱਖ ਵਿਸ਼ੇਸ਼ਤਾਵਾਂ ਦਾ ਜ਼ਿਕਰ ਕੀਤਾ ਹੈ, ਜਿਹੜੀਆਂ ਕਿ ਇਸ ਕੋਸ਼ ਦੀ ਨਿਰਮਾਣਕਾਰੀ ਤੇ ਭਾਵਪੂਰਤ ਰੌਸ਼ਨੀ ਪਾਉਂਦੀਆਂ ਹਨ- (ੳ) "ਡਾ.ਸੋਹਿੰਦਰ ਸਿੰਘ ਵਣਜਾਰਾ ਬੇਦੀ ਨੇ ਆਪਣੇ ਵਿਸ਼ਵਕੋਸ਼ ਦਾ ਨਿਰਮਾਣ ਪ੍ਰਮਾਣਿਕ ਤੇ ਪ੍ਰਚੱਲਿਤ ਕੋਸ਼ ਵਿਧੀ ਦੀਆਂ ਤਕਨੀਕਾਂ ਅਨੁਸਾਰ ਹੀ ਕੀਤਾ ਹੈ। ਉਸ ਨੇ ਸਾਰੀਆਂ ਕੋਸ਼ ਟਿੱਪਣੀਆਂ ਨੂੰ (Entries) ਗੁਰਮੁਖੀ ਪੈਂਤੀ ਅੱਖਰੀ ਅਨੁਸਾਰ ਵੰਡ ਕੇ ਉਨ੍ਹਾਂ ਨੂੰ ਅੱਖਰਾਂ ਤੇ ਲਗਾਂ ਮਾਤਰਾਂ ਦੀ ਤਰਤੀਬ ਵਿਚ ਕ੍ਰਮਬੱਧ ਕੀਤਾ ਹੈ। (ਅ) ਲੇਖਕ ਨੇ ਆਪਣੇ ਵਿਸ਼ਵਕੋਸ਼ ਵਿਚ ਜੀਵਨ ਦੇ ਵਿਭਿੰਨ ਖੇਤਰਾਂ ਵਿੱਚੋਂ ਸਮੱਗਰੀ ਇਕੱਤਰ ਕੀਤੀ ਹੈ। ਮੌਖਿਕ ਸਾਹਿਤ, ਲਿਖਤ ਸਾਹਿਤ ਦੇ ਨਾਲ-ਨਾਲ ਉਸ ਨੇ ਇਤਿਹਾਸ ਮਿਥਿਹਾਸ ਅਤੇ ਜੀਵਨ ਦੇ ਵਿਭਿੰਨ ਖੇਤਰਾਂ ਨਾਲ ਸੰਬੰਧਤ ਢੇਰ ਸਾਰੀ ਸ਼ਬਦਾਵਲੀ ਤੇ ਜਾਣਕਾਰੀ ਲੋਕਾਂ ਵਿੱਚ ਵਿਚਰਕੇ ਉਨ੍ਹਾਂ ਪਾਸੋਂ ਇਕੱਤਰ ਕੀਤੀ ਹੈ। ਸ਼ਬਦ ਸੰਚਾਰਨ ਲਈ ਲੋਕ ਜੀਵਨ ਦੇ ਹਰੇਕ ਖਿੱਤੇ ਨੂੰ ਗਾਹੁੰਦੇ ਹੋਏ ਲੇਖਕ ਨੇ ਮੌਖਿਕ ਅਤੇ ਅਲਿਖਤ ਸਾਹਿਤ ਦੀ ਸਮੱਗਰੀ ਇਕੱਤਰ ਕਰਨ ਲਈ ਲੋਕਾਂ ਦੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਸਭਿਆਚਾਰਕ ਜੀਵਨ ਦਾ ਡੂੰਘਾ ਅਧਿਐਨ ਕੀਤਾ ਹੈ। (ੲ) ਸ਼ਬਦ ਦੇ ਅਰਥ ਇਸ ਦੇ ਪ੍ਰਯੋਗ ਖੇਤਰ ਤੋਂ ਵਧੇਰੇ ਚੰਗੀ ਤਰ੍ਹਾਂ ਸਪੱਸ਼ਟ ਹੁੰਦੇ ਹਨ। ਕੋਸ਼ਕਾਰ ਨੂੰ ਇਸ ਪੱਖੋਂ ਬੜਾ ਸੁਚੇਤ ਰਹਿਣ ਦੀ ਲੋੜ ਹੁੰਦੀ ਹੈ ਕਿ ਕੋਈ ਸ਼ਬਦ ਕਿਸ ਅਰਥ ਵਿਚ ਪ੍ਰਯੋਗ ਹੋ ਰਿਹਾ ਹੈ। ਡਾ. ਬੇਦੀ ਨੇ ਆਪਣੇ

ਵਿਸ਼ਵਕੋਸ਼ ਵਿੱਚ ਸ਼ਬਦਾਂ ਦੇ ਪ੍ਰਯੋਗ ਅਤੇ ਸ਼ਬਦ ਸੰਗਤ ਦਾ ਧਿਆਨ ਰੱਖਣ ਦੇ ਨਾਲ-ਨਾਲ ਉਸ ਸ਼ਬਦ ਨਾਲ ਸੰਬੰਧਤ ਜਾਣਕਾਰੀ ਇਕ ਕਥਾ ਵਾਚਕ ਸ਼ੈਲੀਕਾਰ ਵਾਂਗ ਦਿੱਤੀ ਹੈ। (ਸ) ਇਹ ਵਿਸ਼ਵਕੋਸ਼ ਪੰਜਾਬੀ ਲੋਕਧਾਰਾ ਦੇ ਅਧਿਐਨ ਲਈ ਪੰਜਾਬੀ ਸਾਹਿਤ ਦੇ ਅਧਿਐਨ ਲਈ ਅਤੇ ਪੰਜਾਬੀ ਸੰਸਕ੍ਰਿਤੀ ਨੂੰ ਸਹੀ ਪਰਿਪੇਖ ਵਿਚ ਸਮਝਣ ਤੇ ਵਿਚਾਰਨ ਲਈ ਵਿਦਵਾਨਾਂ, ਸਾਹਿਤਕਾਰਾਂ ਅਤੇ ਲੋਕਧਾਰਾ ਵਿੱਚ ਦਿਲਚਸਪੀ ਰੱਖਣ ਵਾਲੇ ਖੋਜੀਆਂ ਲਈ ਬੜਾ ਸਹਾਇਕ ਹੈ। ਇਸ ਤੋਂ ਸਾਨੂੰ ਬਹੁਤ ਸਾਰੇ ਠੇਠ ਪੰਜਾਬੀ ਸੰਕਲਪ, ਪ੍ਰਵਰਗ ਤੇ ਪਰਿਭਾਸ਼ਾਵਾਂ ਪ੍ਰਾਪਤ ਹੁੰਦੀਆਂ ਹਨ ਜਿਹੜੀਆਂ ਪੰਜਾਬ ਦੀ ਲੋਕਧਾਰਾ ਨੂੰ ਸਮਝਣ ਵਿੱਚ ਸਹਾਈ ਹੋਈਆਂ ਹਨ।"[9] ਵਣਜਾਰਾ ਬੇਦੀ ਦੀ ਸਭ ਤੋਂ ਵੱਡੀ ਦੇਣ ਇਹ ਹੈ ਕਿ ਉਸਨੇ ਇਕੱਲਿਆਂ ਹੀ ਇੱਕ ਸੰਸਥਾ ਵਾਂਗ ਵਡੇਰੇ ਉੱਦਮ ਕਰਕੇ ਸਾਨੂੰ ਬੜੀ ਮੁੱਲਵਾਨ ਅਤੇ ਦੁਰਲੱਭ ਸਮੱਗਰੀ ਇਕੱਤਰ ਅਤੇ ਸੰਗਠਿਤ ਕਰਕੇ ਦਿੱਤੀ ਹੈ। ਉਸਨੇ ਪੇਂਡੂ ਗੀਤ, ਢੋਲੇ, ਅਖਾਣ, ਮੁਹਾਵਰੇ, ਬੁਝਾਰਤਾਂ ਅਤੇ ਲੋਕ ਕਹਾਣੀਆਂ ਦਾ ਇਕ ਥਾਂ ਸੰਗ੍ਰਹਿ ਕਰਕੇ ਲੋਕਧਾਰਾ ਦੇ ਖੇਤਰ ਵਿੱਚ ਬੜਾ ਵਿਲੱਖਣ ਕਾਰਜ ਕੀਤਾ ਹੈ। ਵਣਜਾਰਾ ਬੇਦੀ ਦੁਆਰਾ ਇਕੱਤਰ ਕੀਤੀ ਸਮੱਗਰੀ ਪੰਜਾਬੀ ਲੋਕ-ਮਨ ਦਾ ਬਿਰਤਾਂਤ ਹੈ। ਉਸਨੇ ਅੱਠ ਜਿਲਦਾਂ ਵਿੱਚ ਪੰਜਾਬੀ ਲੋਕਧਾਰਾ ਵਿਸ਼ਵ ਕੋਸ਼ ਦਾ ਨਿਰਮਾਣ ਕਰਕੇ ਪੰਜਾਬੀ ਲੋਕਧਾਰਾ ਨੂੰ ਵਸੀਹ ਧਰਾਤਲ ਪ੍ਰਦਾਨ ਕੀਤਾ ਹੈ। ਇਹ ਵਿਸ਼ਵ ਕੋਸ਼ ਜਿੱਥੇ ਪੰਜਾਬੀ ਲੋਕਧਾਰਾ ਦੇ ਵਿਦਿਆਰਥੀਆਂ ਅਤੇ ਖੋਜੀਆਂ ਲਈ ਆਧਾਰ ਗ੍ਰੰਥ ਦੀਆਂ ਲੋੜਾਂ ਪੂਰੀਆਂ ਕਰਦਾ ਹੈ, ਉਸਦੇ ਨਾਲ ਹੀ ਲੋਕਧਾਰਾ ਅਧਿਐਨ ਦੇ ਖੇਤਰ ਵਿੱਚ ਨਵੀਆਂ ਸੰਭਾਵਨਾਵਾਂ ਵੀ ਪੈਦਾ ਕਰਦਾ ਹੈ। ਵਣਜਾਰਾ ਬੇਦੀ ਦਾ ਇਹ ਲੋਕਧਾਰਾ ਵਿਸ਼ਵ ਕੋਸ਼ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਅਧਿਐਨ ਦੇ ਇੱਕ ਪ੍ਰੇਰਕ ਵਜੋਂ ਵੀ ਆਪਣੀ ਸ਼ਕਤੀਸ਼ਾਲੀ ਭੂਮਿਕਾ ਅਦਾ ਕਰਦਾ ਹੈ।

## ਹਵਾਲੇ

1. ਦੇਵਿੰਦਰ ਕੌਰ ਅਤੇ ਹਰਚਰਨ ਕੌਰ (ਸੰਪਾ.), ਲੋਕਵੇਦੀ-ਡਾ.ਵਣਜਾਰਾ ਬੇਦੀ, ਪੰਜਾਬੀ ਅਕਾਦਮੀ ਦਿੱਲੀ, 1986, ਪੰਨਾ-65
2. ਦੇਵਿੰਦਰ ਕੌਰ ਅਤੇ ਹਰਚਰਨ ਕੌਰ (ਸੰਪਾ.), ਲੋਕਵੇਦੀ-ਡਾ.ਵਣਜਾਰਾ ਬੇਦੀ, ਪੰਜਾਬੀ ਅਕਾਦਮੀ ਦਿੱਲੀ, 1986, ਪੰਨਾ-68

3. ਡਾ. ਸੁਖਦੀਪ ਕੌਰ, ਲੋਕਧਾਰਾ ਦਾ ਵਗਦਾ ਦਰਿਆ: ਵਣਜਾਰਾ ਬੇਦੀ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2007, ਪੰਨਾ-127
4. ਡਾ. ਸੁਖਦੀਪ ਕੌਰ, ਲੋਕਧਾਰਾ ਦਾ ਵਗਦਾ ਦਰਿਆ: ਵਣਜਾਰਾ ਬੇਦੀ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2007, ਪੰਨਾ-136
5. ਡਾ. ਸੁਖਦੀਪ ਕੌਰ, ਲੋਕਧਾਰਾ ਦਾ ਵਗਦਾ ਦਰਿਆ: ਵਣਜਾਰਾ ਬੇਦੀ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2007, ਪੰਨਾ-140
6. ਡਾ. ਸੁਖਦੀਪ ਕੌਰ, ਲੋਕਧਾਰਾ ਦਾ ਵਗਦਾ ਦਰਿਆ: ਵਣਜਾਰਾ ਬੇਦੀ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2007, ਪੰਨਾ-139
7. ਦੇਵਿੰਦਰ ਕੌਰ ਅਤੇ ਹਰਚਰਨ ਕੌਰ (ਸੰਪਾ.), ਲੋਕਵੇਦੀ-ਡਾ.ਵਣਜਾਰਾ ਬੇਦੀ, ਪੰਜਾਬੀ ਅਕਾਦਮੀ ਦਿੱਲੀ, 1986, ਪੰਨਾ-94
8. ਡਾ. ਸੁਖਦੀਪ ਕੌਰ, ਲੋਕਧਾਰਾ ਦਾ ਵਗਦਾ ਦਰਿਆ: ਵਣਜਾਰਾ ਬੇਦੀ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2007, ਪੰਨਾ-149
9. ਉਹੀ, ਲੋਕਧਾਰਾ ਦਾ ਵਗਦਾ ਦਰਿਆ: ਵਣਜਾਰਾ ਬੇਦੀ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2007, ਪੰਨਾ-149